ਕੈਨੇਡੀਅਨ ਪੰਜਾਬੀ ਪੋਸਟ

Award winning news paper | Canadian Punjabi Post

Vol 20*Issue 14 Wednesday, January 20, 2021 Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper THE ONLY DAILY PUNJABI NEWSPAPER ਹੁਣ ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

JOSHI LAW OFFICE
Barrister, Solicitor & Notary Public
❖ Immigration
❖ Real Estate
❖ Commercial Law
❖ Affidavit
❖ Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

# ਬਿਨਾਂ ਨੋਟਿਸ ਦੇ ਟਰੈਵਲ ਸਬੰਧੀ ਨਵੀਂਆਂ ਪਾਬੰਦੀਆਂ ਲਾ ਸਕਦੀ ਹੈ ਫੈਡਰਲ ਸਰਕਾਰ : ਟਰੂਡੋ



ਓਟਵਾ, 19 ਜਨਵਰੀ (ਪੋਸਟ ਬਿਊਰੋ) : ਹੋਰਨਾਂ ਦੇਸ਼ਾਂ ਵਿੱਚ ਕੋਵਿਡ-19 ਵੇਰੀਐਂਟਸ ਪਾਏ ਜਾਣ ਦੇ ਮੱਦੇਨਜ਼ਰ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਕੈਨੇਡੀਅਨਾਂ ਨੂੰ ਘੱਟ ਟਰੈਵਲ ਕਰਨ ਦੀ ਸਲਾਹ ਦਿੱਤੀ ਜਾ ਰਹੀ ਹੈ। ਇਸ ਦੇ ਨਾਲ ਹੀ ਟਰੂਡੋ ਵੱਲੋਂ ਇਹ ਚੇਤਾਵਨੀ ਵੀ ਦਿੱਤੀ ਗਈ ਹੈ ਕਿ ਫੈਡਰਲ ਟਰੈਵਲ ਸਬੰਧੀ ਨਿਯਮਾਂ ਵਿੱਚ ਕਦੇ ਵੀ ਤਬਦੀਲੀ ਹੋ ਸਕਦੀ ਹੈ।

ਫਰੈਂਚ ਵਿੱਚ ਗੱਲ ਕਰਦਿਆਂ ਟਰੂਡੋ ਨੇ ਆਖਿਆ ਕਿ ਜਿਨ੍ਹਾਂ ਵਿਅਕਤੀਆਂ ਨੇ ਟਰਿੱਪ ਬੁੱਕ ਕੀਤੇ ਹਨ ਉਨ੍ਹਾਂ ਨੂੰ ਉਹ ਰੱਦ ਕਰ ਦੇਣੇ ਚਾਹੀਦੇ ਹਨ। ਉਨ੍ਹਾਂ ਆਖਿਆ ਕਿ ਅਜੋਕੇ ਹਾਲਾਤ ਵਿੱਚ ਛੁੱਟੀਆਂ ਮਨਾਉਣ ਜਾਣਾ ਸਹੀ ਨਹੀਂ ਹੈ ਕਿਉਂਕਿ ਨਾ ਤਾਂ ਮਾਹੌਲ ਸਹੀ ਹੈ ਤੇ ਵਾਇਰਸ ਦੀ ਚਪੇਟ ਵਿੱਚ ਆਉਣ ਦਾ ਖਤਰਾ ਵੱਖਰਾ ਹੈ। ਇਸ ਦੇ ਨਾਲ ਹੀ ਵਿਦੇਸ਼ ਵਿੱਚ ਫਸਣ ਦਾ ਡਰ ਵੀ ਬਣਿਆ ਰਹਿ ਸਕਦਾ ਹੈ।

ਪ੍ਰਧਾਨ ਮੰਤਰੀ ਨੇ ਆਖਿਆ ਕਿ ਯੂਕੇ ਤੇ ਬ੍ਰਾਜ਼ੀਲ ਵਿੱਚ ਪਾਏ ਗਏ ਕੋਵਿਡ-19 ਸਟਰੇਨਜ਼ ਕਾਫੀ ਤੇਜ਼ੀ ਨਾਲ ਇੱਕ ਵਿਅਕਤੀ ਤੋਂ ਦੂਜੇ ਵਿਅਕਤੀ ਤੱਕ ਫੈਲਦੇ ਹਨ ਤੇ ਫੈਡਰਲ ਸਰਕਾਰ ਇਨ੍ਹਾਂ ਹਾਲਾਤ ਉੱਤੇ ਬੜੀ ਬਾਰੀਕੀ ਨਾਲ ਨਜ਼ਰ ਰੱਖ ਰਹੀ ਹੈ। ਟਰੂਡੋ ਨੇ ਇਹ ਵੀ ਆਖਿਆ ਕਿ ਕਿਸੇ ਵੀ ਸਮੇਂ ਅਗਾਊਂ ਨੋਟਿਸ ਤੋਂ ਬਿਨਾਂ ਹੀ ਅਧਿਕਾਰੀਆਂ ਵੱਲੋਂ ਨਵੀਆਂ ਪਾਬੰਦੀਆਂ ਲਾਈਆਂ ਜਾ ਸਕਦੀਆਂ ਹਨ। ਹਾਲਾਂਕਿ ਸਰਕਾਰ ਵੱਲੋਂ ਵਾਰੀ ਵਾਰੀ ਕੈਨੇਡੀਅਨਾਂ ਨੂੰ ਗੈਰ ਜ਼ਰੂਰੀ ਟਰੈਵਲ ਤੋਂ ਬਚਣ ਦੀ ਸਲਾਹ ਦਿੱਤੀ ਜਾ ਰਹੀ ਹੈ ਪਰ ਇਹ ਫੈਸਲਾ ਕੈਨੇਡੀਅਨਾਂ ਦੇ ਹੀ ਹੱਥ ਹੈ ਕਿ ਉਨ੍ਹਾਂ ਨੇ ਕਿਤੇ ਜਾਣਾ ਹੈ ਜਾਂ ਨਹੀਂ ਕਿਉਂਕਿ ਹਾਲ ਦੀ ਘੜੀ ਕਿਸੇ ਤਰ੍ਹਾਂ ਦਾ ਬੈਨ ਨਹੀਂ ਲਗਾਇਆ ਗਿਆ ਹੈ।

ਕੈਨੇਡੀਅਨ ਏਅਰਲਾਈਨਜ਼ ਤੇ ਟਰੈਵਲ ਕੰਪਨੀਆਂ ਵੱਲੋਂ ਅਜੇ ਵੀ ਵੈਕੇਸ਼ਨ ਪੈਕੇਜਿਜ਼ ਤੇ ਫਲਾਈਟ ਡੀਲਜ਼ ਦੀ ਪੇਸ਼ਕਸ਼ ਕੀਤੀ ਜਾ ਰਹੀ ਹੈ ਤੇ ਰੋਜ਼ਾਨਾ ਕੈਨੇਡਾ ਤੋਂ ਵੱਖ ਵੱਖ ਥਾਂਵਾਂ ਲਈ ਉਡਾਨਾਂ ਵੀ ਜਾ ਰਹੀਆਂ ਹਨ।

## ਫਾਈਜ਼ਰ ਵੱਲੋਂ ਵੈਕਸੀਨ ਦੀ ਖੇਪ ਪਹੁੰਚਾਉਣ ਵਿੱਚ ਕੀਤੀ ਜਾਣ ਵਾਲੀ ਦੇਰ ਨਾਲ ਦੇਸ਼ ਨੂੰ ਹੋਵੇਗਾ ਨੁਕਸਾਨ



ਓਟਵਾ, 19 ਜਨਵਰੀ (ਪੋਸਟ ਬਿਊਰੋ) : ਅਗਲੇ ਹਫਤੇ ਕੈਨੇਡਾ ਨੂੰ ਫਾਈਜ਼ਰ-ਬਾਇਓਐਨਟੈਕ ਕੋਵਿਡ-19 ਵੈਕਸੀਨ ਦੀ ਕੋਈ ਖੇਪ ਹਾਸਲ ਨਹੀਂ ਹੋਵੇਗੀ। ਫੈਡਰਲ ਸਰਕਾਰ ਦਾ ਕਹਿਣਾ ਹੈ ਕਿ ਕੰਪਨੀ ਵੱਲੋਂ ਇਸ ਵੈਕਸੀਨ ਦੀ ਡਲਿਵਰੀ ਵਿੱਚ ਪਾਈ ਜਾਣ ਵਾਲੀ ਲੰਮੀਂ ਕਮੀ ਕਰਕੇ ਦੇਸ਼ ਨੂੰ ਕਾਫੀ ਨੁਕਸਾਨ ਹੋਵੇਗਾ।

ਆਪਣੇ ਯੂਰਪੀਅਨ ਮੈਨੂਫੈਕਚਰਿੰਗ ਫੈਸਿਲਿਟੀ ਵਿੱਚ ਕੰਪਨੀ ਵੱਲੋਂ ਕੀਤੇ ਜਾਣ ਵਾਲੇ ਪਸਾਰ ਕਾਰਨ ਕੈਨੇਡਾ ਨੂੰ ਮਿਲਣ ਵਾਲੀ ਇਸ ਕੰਪਨੀ ਦੀ ਵੈਕਸੀਨ ਦੀ ਹਫਤਾਵਾਰੀ ਡੋਜ਼ ਵਿੱਚ ਆਰਜ਼ੀ ਤੌਰ ਉੱਤੇ 50 ਫੀ ਸਦ ਕਮੀ ਦਰਜ ਕੀਤੀ ਜਾਵੇਗੀ। ਮੰਗਲਵਾਰ ਨੂੰ ਮੇਜਰ ਜਨਰਲ ਡੈਨੀ ਫੋਰਟਿਨ, ਜੋ ਕਿ ਕੈਨੇਡਾ ਵਿੱਚ ਕੋਵਿਡ-19 ਸਬੰਧੀ ਵੈਕਸੀਨ ਦੀ ਵੰਡ ਦੇ ਪ੍ਰੋਗਰਾਮ ਦੀ ਅਗਵਾਈ ਕਰ ਰਹੇ ਹਨ, ਨੇ ਆਖਿਆ ਕਿ ਇਸ ਹਫਤੇ ਦੀ ਖੇਪ ਪਹਿਲਾਂ ਵਾਂਗ ਹੀ ਯੋਜਨਾਬੱਧ ਢੰਗ ਨਾਲ 82 ਫੀ ਸਦੀ ਹਾਸਲ ਹੋਵੇਗੀ ਪਰ ਅਗਲੇ ਹਫਤੇ ਕੋਈ ਵੀ ਨਵੀਂ ਡਲਿਵਰੀ ਕੈਨੇਡਾ ਨਹੀਂ ਆਵੇਗੀ।

ਫਾਈਜ਼ਰ ਵੱਲੋਂ ਇਸ ਦੇਰ ਦਾ ਐਲਾਨ ਕੀਤੇ ਜਾਣ ਤੋਂ ਪਹਿਲਾਂ ਕੈਨੇਡਾ ਨੂੰ 417,000 ਡੋਜ਼ਾਂ ਹਾਸਲ ਹੋਣੀਆਂ ਸਨ ਪਰ ਹੁਣ ਅਗਲੇ ਦੋ ਹਫਤਿਆਂ ਵਿੱਚ ਕੈਨੇਡਾ ਨੂੰ 171,000 ਡੋਜ਼ਾਂ ਹੀ ਹਾਸਲ ਹੋਣਗੀਆਂ। ਫੋਰਟਿਨ ਨੇ ਆਖਿਆ ਕਿ ਹੁਣ ਇਹ ਡੋਜ਼ਾ ਦੀ ਡਲਿਵਰੀ ਫਰਵਰੀ ਦੇ ਪਹਿਲੇ ਦੋ ਹਫਤਿਆਂ ਵਿੱਚ ਰੈਲੀ ਹੋਵੇਗੀ। ਪਰ ਇਨ੍ਹਾਂ ਅੰਕੜਿਆਂ ਦੀ ਫਾਈਜ਼ਰ ਕੈਨੇਡਾ ਵੱਲੋਂ ਪ੍ਰਸ਼ਟੀ ਕੀਤੇ ਜਾਣ ਦੀ ਲੋੜ ਹੈ। ਫੋਰਟਿਨ ਨੇ ਆਖਿਆ ਕਿ ਇਹ ਖੇਪ 975 ਡੋਜ਼ਾਂ ਦੀ ਹੁੰਦੀ ਹੈ ਤੇ ਕਈ ਪ੍ਰੋਵਿੰਸਾਂ ਨੂੰ ਹੋਰਨਾਂ ਨਾਲੋਂ ਇਸ ਦੇਰੀ ਦਾ ਵਧੇਰੇ ਸੇਕ ਲੱਗੇਗਾ। ਉਨ੍ਹਾਂ ਭਰੋਸਾ ਦਿਵਾਇਆ ਕਿ ਭਵਿੱਖ ਵਿੱਚ ਅਸੀਂ ਪ੍ਰਤੀ ਵਿਅਕਤੀ ਦੇ ਹਿਸਾਬ ਨਾਲ ਇਸ ਨੂੰ ਠੀਕ ਕਰ ਲਵਾਂਗੇ।

ਇਸ ਦੌਰਾਨ ਪ੍ਰੋਕਿਓਰਮੈਂਟ ਮੰਤਰੀ ਅਨੀਤਾ ਆਨੰਦ ਨੇ ਇੱਕ ਇੰਟਰਵਿਊ ਵਿੱਚ ਆਖਿਆ ਕਿ ਫਾਈਜ਼ਰ ਵੱਲੋਂ ਅਜੇ ਅਗਲਾ ਡਲਿਵਰੀ ਸ਼ਡਿਊਲ ਨਹੀਂ ਭੇਜਿਆ ਗਿਆ ਹੈ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਭਰੋਸਾ ਦਿਵਾਇਆ ਕਿ ਆਉਣ ਵਾਲੇ ਹਫਤਿਆਂ ਵਿੱਚ ਭਾਵੇਂ ਫਾਈਜ਼ਰ ਦੇ ਥੋੜ੍ਹੇ ਸ਼ੌਟਸ ਹੀ ਲਾਏ ਜਾ ਸਕਣਗੇ ਪਰ ਜਲਦ ਹੀ ਕੈਨੇਡਾ ਨੂੰ ਪੂਰੀਆਂ ਡੋਜ਼ਾਂ ਮਿਲਣਗੀਆਂ। ਉਨ੍ਹਾਂ ਆਖਿਆ ਕਿ ਲਾਂਗ ਟਰਮ ਕੇਅਰ ਹੋਮ ਦੇ ਰੈਜ਼ੀਡੈਂਟਸ ਤੇ ਹੈਲਥ ਕੇਅਰ ਵਰਕਰਜ਼ ਦੀ ਵੈਕਸੀਨੇਸ਼ਨ ਜਾਰੀ ਰਹੇਗੀ।

## ਮਹਾਂਮਾਰੀ ਦੀ ਦੂਜੀ ਵੇਵ ਦੌਰਾਨ ਫੋਰਡ ਦੀ ਹਰਮਨ ਪਿਆਰਤਾ ਵਿੱਚ ਆਈ ਕਮੀ



ਓਨਟਾਰੀਓ, 19 ਜਨਵਰੀ (ਪੋਸਟ ਬਿਊਰੋ) : ਨਵੇਂ ਸਰਵੇਖਣ ਤੋਂ ਸਾਹਮਣੇ ਆਇਆ ਹੈ ਕਿ ਕੋਵਿਡ-19 ਦੀ ਸੈਕਿੰਡ ਵੇਵ ਦੌਰਾਨ ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਦੀ ਹਰਮਨ ਪਿਆਰਤਾ ਵਿੱਚ ਕਮੀ ਆਈ ਹੈ।

ਐਬੇਕਸ ਡਾਟਾ ਵੱਲੋਂ ਕਰਵਾਏ ਗਏ ਸਰਵੇਖਣ ਤੋਂ ਸਾਹਮਣੇ ਆਇਆ ਹੈ ਕਿ ਸਰਵੇਖਣ ਵਿੱਚ ਹਿੱਸਾ ਲੈਣ ਵਾਲੇ 40 ਫੀ ਸਦੀ ਲੋਕਾਂ ਨੇ ਫੋਰਡ ਲਈ ਸਕਾਰਾਤਮਕ ਵਿਚਾਰ ਪ੍ਰਗਟਾਏ, ਇਹ ਅੰਕੜਾ ਤਿੰਨ ਮਹੀਨੇ ਪਹਿਲਾਂ ਕਰਵਾਏ ਗਏ ਸਰਵੇਖਣ ਤੋਂ 7 ਅੰਕ ਘੱਟ ਸੀ। ਇਸ ਦੌਰਾਨ 35 ਫੀ ਸਦੀ ਨੇ ਪ੍ਰੀਮੀਅਰ ਬਾਰੇ ਨਕਾਰਾਤਮਕ ਵਿਚਾਰ ਪ੍ਰਗਟਾਏ। ਫੋਰਡ ਸਰਕਾਰ ਵੱਲੋਂ ਮਹਾਂਮਾਰੀ ਦੀ ਦੂਜੀ ਵੇਵ ਨੂੰ ਜਿਸ ਤਰ੍ਹਾਂ ਹੈਂਡਲ ਕੀਤਾ ਗਿਆ ਹੈ ਉਸ ਬਾਰੇ ਲੋਕ ਜੋ ਸੋਚਦੇ ਹਨ ਉਸ ਵਿੱਚ ਵੀ ਗਿਰਾਵਟ ਆਈ ਹੈ ਇਸ ਬਾਰੇ ਵੀ ਸਰਵੇਖਣ ਵਿੱਚ ਖੁਲਾਸਾ ਹੋਇਆ। ਸਰਵੇਖਣ ਵਿੱਚ ਹਿੱਸਾ ਲੈਣ ਵਾਲੇ ਬਹੁਗਿਣਤੀ ਲੋਕਾਂ ਦਾ ਕਹਿਣਾ ਹੈ ਕਿ ਅਕਤੂਬਰ ਵਿੱਚ ਸਰਕਾਰ ਦਾ ਸਥਿਤੀ ਉੱਤੇ ਪੂਰਾ ਨਿਯੰਤਰਣ ਸੀ ਪਰ ਹੁਣ ਇਸ ਅੰਕੜੇ ਵਿੱਚ 25 ਅੰਕਾਂ ਦੀ ਗਿਰਾਵਟ ਆਈ ਹੈ ਤੇ ਇਹ 37 ਫੀ ਸਦੀ ਉੱਤੇ ਜਾ ਪਹੁੰਚਿਆ ਹੈ।

ਜਦੋਂ ਆਮ ਤੌਰ ਉੱਤੇ ਫੋਰਡ ਵੱਲੋਂ ਕੋਵਿਡ-19 ਵਾਲੀ ਸਥਿਤੀ ਨੂੰ ਸਾਂਭਣ ਦੀ ਗੱਲ ਆਖੀ ਗਈ ਤਾਂ 27 ਫੀ ਸਦੀ ਨੇ ਆਖਿਆ ਕਿ ਉਨ੍ਹਾਂ ਨੇ ਚੰਗਾ ਕੰਮ ਨਹੀਂ ਕੀਤਾ ਤੇ ਕਈ ਬੱਜਰ ਗਲਤੀਆਂ ਕੀਤੀਆਂ। ਤਿੰਨ ਮਹੀਨੇ ਪਹਿਲਾਂ ਨਾਲੋਂ ਹੁਣ ਇਸ ਰੇਟਿੰਗ ਵਿੱਚ ਅੱਠ ਫੀ ਸਦੀ ਦੀ ਗਿਰਾਵਟ ਆਈ ਹੈ। ਫੋਰਡ ਦੀ ਹਰਮਨਪਿਆਰਤਾ ਵਿੱਚ ਆਈ ਕਮੀ ਦੇ ਬਾਵਜੂਦ ਉਨ੍ਹਾਂ ਦੇ ਵਿਰੋਧੀਆਂ ਨੂੰ ਕੋਈ ਫਾਇਦਾ ਨਹੀਂ ਹੋਇਆ। ਲਿਬਰਲ ਆਗੂ ਸਟੀਵਨ ਡੈਲ ਡੂਕਾ ਤੇ ਐਨਡੀਪੀ ਆਗੂ ਐਂਡਰੀਆ ਹੌਰਵਥ ਦੇ ਸਕਾਰਾਤਮਕ ਰੁਖ ਵਿੱਚ ਵੀ ਮਾਮੂਲੀ ਗਿਰਾਵਟ ਦਰਜ ਕੀਤੀ ਗਈ ਹੈ।

ਜੇ ਅੱਜ ਚੋਣਾਂ ਕਰਵਾ ਲਈਆਂ ਜਾਣ ਤਾਂ ਸਰਵੇਖਣ ਵਿੱਚ ਹਿੱਸਾ ਲੈਣ ਵਾਲੇ 34 ਫੀ ਸਦੀ ਲੋਕਾਂ ਦਾ ਕਹਿਣਾ ਸੀ ਕਿ ਉਹ ਫੋਰਡ ਨੂੰ ਵੋਟ ਪਾਉਣਗੇ, 29 ਫੀ ਸਦੀ ਨੇ ਆਖਿਆ ਕਿ ਉਹ ਲਿਬਰਲਾਂ ਨੂੰ ਵੋਟ ਕਰਨਗੇ ਤੇ 25 ਫੀ ਸਦੀ ਨੇ ਐਨਡੀਪੀ ਦੇ ਪੱਖ ਵਿੱਚ ਵੋਟ ਪਾਉਣ ਦੀ ਗੱਲ ਆਖੀ। ਵੈਕਸੀਨ ਦੀ ਵੰਡ ਨੂੰ ਲੈ ਕੇ ਵੀ 57 ਫੀ ਸਦੀ ਲੋਕਾਂ ਦਾ ਮੰਨਣਾ ਹੈ ਕਿ ਇਹ ਵੰਡ ਬਹੁਤ ਮਾੜੇ ਢੰਗ ਨਾਲ ਹੋ ਰਹੀ ਹੈ। ਸਿਆਸਤਦਾਨਾਂ ਤੇ ਅਧਿਕਾਰੀਆਂ ਵੱਲੋਂ ਵੈਕੇਸ਼ਨਜ਼ ਉੱਤੇ ਜਾਣ ਦੇ ਮਾਮਲੇ ਵਿੱਚ 87 ਫੀ ਸਦੀ ਨੇ ਆਖਿਆ ਕਿ ਅਜਿਹਾ ਬਿਲਕੁਲ ਵੀ ਸਵੀਕਾਰ ਨਹੀਂ ਕੀਤਾ ਜਾ ਸਕਦਾ ਤੇ 75 ਫੀ ਸਦੀ ਨੇ ਆਖਿਆ ਕਿ ਅਜਿਹਾ ਬਿਲਕੁਲ ਵੀ ਸਵੀਕਾਰ ਨਹੀਂ ਕੀਤਾ ਜਾ ਸਕਦਾ। ਅੱਧੇ ਰਿਸਪੌਂਡੈਂਟਸ ਨੇ ਆਖਿਆ ਕਿ ਰੌਡ ਫਿਲਿਪ ਵੱਲੋਂ ਟਰੈਵਲ ਕਰਨ ਦੇ ਮਾਮਲੇ ਨੂੰ ਫੋਰਡ ਨੇ ਚੰਗੀ ਤਰ੍ਹਾਂ ਹੈਂਡਲ ਨਹੀਂ ਕੀਤਾ।

## 11 ਮਿਲੀਅਨ ਇਮੀਗ੍ਰੈਂਟਸ ਨੂੰ ਨਾਗਰਿਕਤਾ ਦੇਣਗੇ ਬਾਇਡਨ!




ਵਾਸ਼ਿੰਗਟਨ, 19 ਜਨਵਰੀ (ਪੋਸਟ ਬਿਊਰੋ) : ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਜੋਅ ਬਾਇਡਨ ਆਪਣੇ ਪ੍ਰਸ਼ਾਸਨ ਦੇ ਪਹਿਲੇ ਦਿਨ ਹੀ ਇਮੀਗ੍ਰੇਸ਼ਨ ਬਿੱਲ ਦਾ ਖੁਲਾਸਾ ਕਰਨਗੇ। ਇਸ ਬਿੱਲ ਰਾਹੀਂ 11 ਮਿਲੀਅਨ ਇਮੀਗ੍ਰੈਂਟਸ ਲਈ ਅੱਠ ਸਾਲਾ ਨਾਗਰਿਕਤਾ ਦਾ ਰਾਹ ਪੱਧਰਾ ਹੋਵੇਗਾ। ਇਹ ਉਹ ਇਮੀਗ੍ਰੈਂਟਸ ਹਨ ਜਿਹੜੇ ਬਿਨਾਂ ਲੀਗਲ ਸਟੇਟਸ ਦੇ ਅਮਰੀਕਾ ਵਿੱਚ ਰਹਿ ਰਹੇ ਹਨ। ਇਹ ਟਰੰਪ ਪ੍ਰਸ਼ਾਸਨ ਦੀਆਂ ਸਖ਼ਤ ਇਮੀਗ੍ਰੇਸ਼ਨ ਨੀਤੀਆਂ ਤੋਂ ਬਿਲਕੁਲ ਉਲਟ ਹੋਵੇਗਾ।

ਰਾਸ਼ਟਰਪਤੀ ਡੌਨਲਡ ਟਰੰਪ ਦੀਆਂ ਸਖ਼ਤ ਨੀਤੀਆਂ ਤੇ ਵੱਡੇ ਪੱਧਰ ਉੱਤੇ ਇਮੀਗ੍ਰੈਂਟਸ ਨੂੰ ਡੀਪੋਰਟ ਕੀਤੇ ਜਾਣ ਵਰਗੇ ਫੈਸਲਿਆਂ ਤੋਂ ਬਾਅਦ ਬਾਇਡਨ ਹੁਣ ਵੋਟਰਾਂ ਨਾਲ ਕੀਤਾ ਆਪਣਾ ਵਾਅਦਾ ਪੂਰਾ ਕਰਨਗੇ। ਇਹ ਵਾਅਦਾ ਲੈਟਿਨੋ ਵੋਟਰਾਂ ਤੇ ਹੋਰਨਾਂ ਇਮੀਗ੍ਰੈਂਟ ਕਮਿਊਨਿਟੀਜ਼ ਲਈ ਕਾਫੀ ਮਾਇਨੇ ਰੱਖਦਾ ਹੈ। ਸੈਂਕੜੇ ਪੇਜਾਂ ਦੇ ਇਸ ਬਿੱਲ ਨੂੰ ਉਸ ਸਮੇਂ ਪੇਸ਼ ਕੀਤਾ ਜਾਵੇਗਾ ਜਦੋਂ ਬਾਇਡਨ ਆਪਣੇ ਅਹੁਦੇ ਦੀ ਸੰਹੁ ਚੁੱਕਣਗੇ। ਇਹ ਜਾਣਕਾਰੀ ਇਸ ਬਿੱਲ ਬਾਰੇ ਜਾਣਕਾਰੀ ਰੱਖਣ ਵਾਲੇ ਵਿਅਕਤੀ ਨੇ ਦਿੱਤੀ।

ਰਾਸ਼ਟਰਪਤੀ ਦੇ ਅਹੁਦੇ ਦੇ ਉਮੀਦਵਾਰ ਰਹਿੰਦਿਆਂ ਬਾਇਡਨ ਵੱਲੋਂ ਇਮੀਗ੍ਰੇਸ਼ਨ ਦੇ ਮਾਮਲੇ ਵਿੱਚ ਟਰੰਪ ਦੇ ਕੰਮ ਨੂੰ ਅਮਰੀਕੀ ਕਦਰਾਂ ਕੀਮਤਾਂ ਉੱਤੇ ਹਮਲਾ ਦੱਸਿਆ ਗਿਆ ਸੀ। ਬਾਇਡਨ ਨੇ ਆਖਿਆ ਕਿ ਉਹ ਹੁਣ ਤੱਕ ਹੋ ਚੁੱਕੇ ਨੁਕਸਾਨ ਨੂੰ ਉਹ ਠੀਕ ਕਰ ਦੇਣਗੇ।

Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
• Life Insurance • Super Visa Insurance
• Critical illness Ins • Mortgage Insurance
• Travel & Visitor Ins • Disability Insurance
• RESP & TFSA & RRSP • Funeral Insurance
SIMRAN SAINI
416.994.7272
www.allkindinsurance.com

INSURANCE
○Home ○Auto
○Business ○Trucking
○Life Insurance ○Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Aaxel InsuranceBrokers Ltd.
1332 Khalsa Dr, Unit # 11, Mississauga, ON L5S 0A2

SOS IMMIGRATION & SETTLEMENT SERVICES
ਸਾਡੇ ਕੋਲ ਤੁਹਾਡੀਆਂ ਸਾਰੀਆਂ ਇਮੀਗ੍ਰੇਸ਼ਨ ਮਾਮਲਿਆਂ ਦਾ ਹੱਲ ਹੈ
Student Visa / Study Permit
LMIA / Work permit
Permanent Residency
Family Sponsorship
Nanny
Visitor Visa
Business Immigration
Call us for Professional, Reliable & High Quality Services
Rahul Sagar
647-780-2022
120 Woodstream Blvd, Woodbridge, ON, L4L 7Z1
Lic # R534503

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

ALL KINDS OF IMMIGRATION SERVICES
iccrc crcic
Call: 416 278 4449 204 295 4449
World Gateway Immigration Company since 2010
Get PERMANENT RESIDENCY
If You are on Work Permit/Visitor in Canada
ZORA KAINTH DIRECTOR Member of ICCRC Oath commissioner of Manitoba
Toronto: 149-2960 Drew Road, Mississauga Winnipeg: 678 McphillipsStreet, Winnipeg

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

Royal Pest Control
Residential Commercial Industrial
Specialist in Bedbugs Service
All Pest Control :
• Mouse & Rats • Spiders & Fleas • Bedbugs • Wasps
• Cockroaches • Carpenter Ants • Silver Fish • Racoons
Call : PARESH PATEL (Government Approved Licensed Technician)
416 938 4598

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre 25
AvonFinancial Inc. Advice you can bank on. Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾ ਦਾ ਲਾਭ ਉਠਾਓ
• Custom Kitchen Cabinets • Completly Furnished
• Legal Basement • Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

KELLEY LAW OFFICE
Immigration Real Estate
Family Law Business Closing
Corporate Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

# ਕਹਾਣੀ ਅੱਧੇ ਚੰਨ ਦੀ ਪੁੰਨਿਆਂ

ਲਖਵੰਤ ਸਿੰਘ ਵੜੈਚ

ਪਿੰਡ ਵਿੱਚ ਦਲੇਰ ਸਿੰਘ ਨਾਲ ਸੀਰ ਕਰਦੇ ਗੇਲੇ ਨੂੰ ਕੋਈ ਵੀਹ ਸਾਲ ਹੋਣ ਵਾਲੇ ਸਨ, ਉਸ ਦੇ ਪੁਰਖਿਆਂ ਦੀ ਵੀ ਦਲੇਰ ਸਿੰਘ ਦੇ ਪੁਰਖਿਆਂ ਨਾਲ ਇਸੇ ਸਾਂਝ ਨਾਲ ਜ਼ਿੰਦਗੀ ਨਿਭ ਗਈ ਸੀ। ਦਲੇਰ ਸਿੰਘ ਦਾ ਅਤੇ ਗੇਲੇ ਦਾ ਆਪਸ ਵਿੱਚ ਭਰਾਵਾਂ ਵਰਗਾ ਵਰਤਾਰਾ ਸੀ। ਪਰਵਾਰਕ ਤੌਰ ਉੱਤੇ ਗੇਲੇ ਦੀਆਂ ਵੱਡੀਆਂ ਦੋ ਬੇਟੀਆਂ ਤੇ ਇੱਕ ਪੁੱਤਰ ਜਗਸੀਰ (ਜੱਗਾ) ਸੀ। ਜੱਗੇ ਦਾ ਹਮਉਮਰ ਦਲੇਰ ਸਿੰਘ ਦਾ ਬੇਟਾ ਕੁੰਵਰ ਪ੍ਰਤਾਪ ਸਿੰਘ ਸੀ, ਭਾਵ ਜੱਗਾ ਤੇ ਕੁੰਵਰ ਹਮਉਮਰ ਸਨ।

ਵਕਤ ਗੁਜ਼ਰਦਾ ਗਿਆ। ਕੁੰਵਰ ਤੇ ਜੱਗਾ ਦੋਵੇਂ ਸੋਹਣੇ ਮੁੱਛ-ਫੁੱਟ ਗੱਭਰੂ ਸਨ ਤੇ ਸ਼ਾਦੀ ਦਾ ਕਾਬਲ ਸਨ। ਦੋਵੇਂ ਹੀ ਨੇੜੇ-ਤੇੜੇ ਪਿੰਡਾਂ ਵਿੱਚ ਮੰਗੇ ਹੋਏ ਸਨ। ਦੋਵਾਂ ਦੇ ਵਿਆਹ ਇਤਫਾਕਣ ਇੱਕੋ ਸਾਹੇ ਦੀਆਂ ਮਿਥੀਆਂ ਗਈਆਂ ਸਨ। ਦੋਵਾਂ ਘਰਾਂ ਵਿੱਚ ਵਿਆਹ ਦੀਆਂ ਤਿਆਰੀਆਂ ਹੋ ਰਹੀਆਂ ਸਨ। ਉਨ੍ਹਾਂ ਦਿਨਾਂ ਵਿੱਚ ਬਾਰਾਤਾਂ ਗੱਡੇ, ਬੈਲ-ਗੱਡੀਆਂ ਉੱਤੇ ਜਾਂਦੀਆਂ ਸਨ ਤੇ ਲਾੜੀ ਨੂੰ ਸ਼ਿੰਗਾਰੇ ਰੱਥ ਉੱਤੇ ਲੈ ਕੇ ਆਉਂਦੇ ਸੀ।

ਅੱਜ ਸਵੇਰੇ ਗੇਲਾ ਦਲੇਰ ਦੀ ਹਵੇਲੀ ਗਿਆ ਤੇ ਕੰਧ ਉੱਤੇ ਮੂਧੀ ਮਾਰੀ ਬਾਟੀ ਲੈ ਕੇ ਕੰਧ ਨਾਲ ਢੋਅ ਲਾ ਕੇ ਬੈਠ ਗਿਆ। ਰਸੋਈ ਵਿੱਚ ਕੰਮ ਕਰਨ ਵਾਲੀ ਇੱਕ ਬੀਬੀ ਉਸ ਦੀ ਬਾਟੀ ਵਿੱਚ ਚਾਹ ਪਾ ਗਈ। ਗੇਲੇ ਨੇ ਅਜੇ ਚਾਹ ਪੀਤੀ ਸੀ ਕਿ ਅੰਦਰੋਂ ਦਲੇਰ ਸਿੰਘ ਉਠ ਕੇ ਬਾਹਰ ਆ ਗਿਆ। ਗੇਲੇ ਨੇ ਸਵਾਲ ਕਰਨ ਤੋਂ ਪਹਿਲਾਂ ਫਤਿਹ ਬੁਲਾਈ, ‘‘ਸਾਸਰੀ ਕਾਲ ਸਰਦਾਰ ਜੀ।’’ ‘‘ਸਤਿ ਸ੍ਰੀ ਅਕਾਲ ਗੇਲਾ ਸਿਆਂ, ਹੋ ਗਈਆਂ ਵਿਆਹ ਦੀਆਂ ਤਿਆਰੀਆਂ।’’ ਦਲੇਰ ਸਿੰਘ ਨੇ ਪੁੱਛਿਆ। ਤੇ ਫੇਰ ਗੇਲਾ ਉਸ ਦੇ ਨੇੜੇ ਹੋ ਕੇ ਕਹਿਣ ਲੱਗਾ, ‘‘ਹਾਂ ਜੀ ਸਰਦਾਰ ਜੀ, ਥੋਡੀ ਮਿਹਰਬਾਨੀ ਨਾਲ, ਬਾਕੀ ਤਾਂ ਸਾਡੀ ਬਾਰਾਤ ਪੈਦਲ ਚਲੀ ਜਾਊ, ਨੇੜੇ ਬਾਟ ਈ ਜਾਣੈ, ਜੋ ਇੱਕ ਗੱਡੀ (ਠੋਹਕਰ) ਸਾਨੂੰ ਆਪਣੇ ਜੱਗੇ ਲਈ ਦੇ ਦਿਓ ਤਾਂ ਘੱਟੋ-ਘੱਟ ਜੱਗਾ ਤੇ ਬਹੂ ਤਾਂ ਗੱਡੀ ਵਿੱਚ ਆ ਜਾਣਗੇ।’’ ਤੇ ਗੇਲਾ ਆਸ ਭਰੀਆਂ ਨਜ਼ਰਾਂ ਨਾਲ ਸਰਦਾਰ ਵੱਲ ਵੇਖਣ ਲੱਗ ਪਿਆ।

‘‘ਕੋਈ ਗੱਲ ਨਹੀਂ ਗੇਲਾ ਸਿਆਂ, ਇੱਕ ਗੱਡੀ ਲੈ ਜਾਈਂ ਯਾਰ ਤੇ ਸ਼ਿੰਗਾਰ ਲਈਂ, ਮੈਨੂੰ ਜੱਗੇ ਦੀ ਬਾਰਾਤ ਦੀ ਸ਼ਾਨ ਵੀ ਕੁੰਵਰ ਦੀ ਬਾਰਾਤ ਜਿੰਨੀ ਹੀ ਅਜ਼ੀਜ਼ ਐ।’’ ਤੇ ਇੰਨਾ ਕਹਿ ਕੇ ਦਲੇਰ ਸਿੰਘ ਅੰਦਰ ਚਲਾ ਗਿਆ।

ਅੱਜ ਬਾਰਾਤ ਦਾ ਦਿਨ ਸੀ, ਗੇਲਾ ਸੁਵੱਖਤੇ ਹਵੇਲੀਓ ਗੱਡੀ (ਠੋਹਕਰ) ਲੈ ਆਇਆ। ਅੱਜ ਦੋਵਾਂ ਦਿਆਂ ਫਰਜ਼ੰਦਾਂ ਨੇ ਸਿਹਰੇ ਬੰਨ੍ਹ ਲਏ ਤੇ ਬਾਰਾਤ ਦੀਆਂ ਤਿਆਰੀਆਂ ਹੋ ਰਹੀਆਂ ਸਨ।

ਪਿੰਡ ਦੇ ਵੇਖਣ ਵਾਲੇ ਲੋਕ ਆਪਸ ਵਿੱਚ ਘੁਸਰ-ਮੁਸਰ ਕਰ ਰਹੇ ਸਨ ਕਿ ਲਾੜੇ ਵੱਜੋਂ ਜੱਗੇ ਨੂੰ ਕੁੰਵਰ ਨਾਲੋਂ ਰੂਪ ਸਵਾਇਆ ਚੜ੍ਹਿਆ ਹੋਇਐ। ਜੱਗਾ ਭਰਵੇਂ ਜੁੱਸੇ ਕਰ ਕੇ ਸਾਦੇ ਲਿਬਾਸ ਵਿੱਚ ਵੀ ਬੇ-ਤਹਾਸ਼ਾ ਫੱਬ ਰਿਹਾ ਸੀ। ਸਭ ਜੱਗੇ ਵੱਲ ਵੇਖ ਰਹੇ ਸਨ। ਗੇਲਾ ਵਿਹੜੇ ਵਿੱਚ ਗੱਡੀ ਸਵਾਰ ਰਿਹਾ ਸੀ ਤੇ ਗੱਡੀ ਦੇ ਆਲੇ ਦੁਆਲੇ ਲਿਸ਼ਕਰੇ ਕੱਪੜੇ ਬੰਨ੍ਹ ਰਿਹਾ ਸੀ। ਉਸ ਨੇ ਗੱਡੀ ਦੇ ਧੁਰਿਆਂ ਨੂੰ ਤੇਲ ਲਾਉਣ ਤੋਂ ਬਾਅਦ ਬਲਦਾਂ ਦੇ ਸਿੰਙਾਂ ਨੂੰ ਤੇਲ ਨਾਲ ਚੋਪੜਿਆ ਤੇ ਉਨ੍ਹਾਂ ਉੱਤੇ ਝੁੱਲਾਂ ਪਾ ਕੇ ਤਿਆਰ ਕਰ ਦਿੱਤਾ। ਇੰਨੇ ਵਿੱਚ ਜੱਗੇ ਦੀ ਭੈਣ ਨੇ ਗੇਲੇ ਪਾਸ ਆ ਕੇ ਕਿਹਾ, ‘‘ਬਾਪੂ, ਜੱਗੇ ਨੂੰ ਸਿੱਧਾਂ ਵਾਲੇ ਬਾਬੇ ਦੀ ਸਮਾਧ ਉੱਤੇ ਮੱਥਾ ਟਿਕਾ ਲਿਆਓ, ਪਰ ਛੇਤੀ ਮੁੜ ਆਇਓ, ਆਪਾਂ ਲੇਟ ਆਂ।’’

ਕੁੜੀਆਂ-ਬੁੜ੍ਹੀਆਂ ਜੱਗੇ ਨੂੰ ਮੱਥਾ ਟਿਕਾਉਣ ਚਲੀਆਂ ਗਈਆਂ। ਗੇਲਾ ਸ਼ਿੰਗਾਰੀ ਗੱਡੀ ਪਾਸ ਛੋਟੀ ਜਿਹੀ ਬੰਨੀ ਉੱਤੇ ਬੈਠ ਕੇ ਬੀੜੀ ਪੀਣ ਲੱਗ ਪਿਆ। ਐਨੇ ਨੂੰ ਉਸਨੇ ਹਵੇਲੀ ਵਾਲੇ ਪਾਸਿਓਂ ਦਲੇਰ ਸਿੰਘ ਅਤੇ ਉਸ ਦੇ ਇੱਕ ਹੋਰ ਬੰਦੇ ਨੂੰ ਕਾਹਲੇ-ਕਦਮੀ ਆਉਂਦੇ ਵੇਖਿਆ। ਗੇਲਾ ਅੱਧ-ਪੀਤੀ ਬੀੜੀ ਬੁਝਾ ਕੇ ਉਠ ਕੇ ਦਲੇਰ ਸਿੰਘ ਵੱਲ ਦੇਖਣ ਲੱਗ ਪਿਆ। ਦਲੇਰ ਸਿੰਘ ਨੇ ਆਉਂਦਿਆਂ ਕਿਹਾ, ‘‘ਗੇਲਾ ਸਿਆਂ ਕਹਿਣ ਨੂੰ ਦਿਲ ਤਾਂ ਨਹੀਂ ਕਰਦਾ, ਪਰ ਕੀ ਕਰਾਂ ਮਜਬੂਰੀ ਐ, ਯਾਰ ਬਾਰਾਤ ਵਧਗੀ, ਤੈਨੂੰ ਗੱਡੀ ਦੇਣੀ ਪਊ।’’ ਗੇਲਾ ਮੂਕ ਸਿੱਲ ਬਣਿਆ ਖੜ੍ਹਿਆ ਤੱਕਦਾ ਰਿਹਾ ਅਤੇ ਜਵਾਬ ਹਾਸਲ ਕੀਤੇ ਸਾਥੀ (ਗੱਡੀ ਹੱਕਣ ਵਾਲੇ) ਵੱਲ ਝਾਕਿਆ, ਜੋ ਜੁੱਪੇ ਬਲਦਾਂ ਸਮੇਤ ਗਰੀਬ ਵੱਲੋਂ ਹਸਰਤਾਂ ਨਾਲ ਸਵਾਰੀ-ਸ਼ਿੰਗਾਰੀ ਗੱਡੀ ਲੈ ਕੇ ਸਰਦਾਰ ਨਾਲ ਤੁਰ ਪਿਆ।

ਗੇਲੇ ਦਾ ਸਰੀਰ ਕੰਬ ਰਿਹਾ ਸੀ, ਉਸ ਨੂੰ ਇਸ ਤਰ੍ਹਾਂ ਲੱਗ ਰਿਹਾ ਸੀ ਜਿਵੇਂ ਉਸ ਦੀਆਂ ਪੁੜਪੁੜੀਆਂ ਵਿੱਚ ਸਿੰਙ ਉਗ ਰਹੇ ਹੋਣ, ਜੋ ਕੰਧ ਦੀ ਛੋਟੀ ਜਿਹੀ ਬੰਨੀ ਨਾਲ ਢੋਅ ਲਾ ਕੇ ਹੇਠਾਂ ਜ਼ਮੀਨ ਉੱਤੇ ਬੈਠ ਗਿਆ। ਕੁੜੀਆਂ ਜੱਗੇ ਨੂੰ ਮੱਥਾ ਟਿਕਾ ਕੇ ਮੁੜ ਆਈਆਂ। ਅੱਗੇ ਗੱਡੀ ਖੜੀ ਨਾ ਦੇਖ ਕੇ ਜੱਗੇ ਦੀ ਭੈਣ ਕਾਹਲੀ ਨਾਲ ਆ ਕੇ ਗੇਲੇ ਨੂੰ ਪੁੱਛਿਆ, ‘‘ਬਾਪੂ ਗੱਡੀ?’’ ਗੇਲੇ ਨੇ ਆਪਣੇ ਆਪ ਨੂੰ ਸੰਭਾਲ ਕੇ ਅਤੇ ਜ਼ੇਰਾ ਕਰ ਕੇ ਕਿਹਾ, ‘‘ਲੈ ਗਏ ਭਾਈ, ਜਿਨ੍ਹਾਂ ਦੀ ਥੀਗੀ।’’ ਜੱਗਾ ਵੀ ਉਨ੍ਹਾਂ ਦੇ ਨੇੜੇ ਆ ਗਿਆ, ਜਿਸ ਨੇ ਆਪਣੇ ਬਾਪੂ ਤੋਂ ਗੱਡੀ ਦੇ ਨਾ ਦਿੱਸਣ ਬਾਰੇ ਹੋਰ ਪੁੱਛਣਾ ਉਚਤ ਨਾ ਸਮਝਿਆ ਗੇਲਾ ਮਿਹਨਤ-ਮੁਸ਼ੱਕਤ ਭਰੀ ਜ਼ਿੰਦਗੀ ਦੀ ਜੰਗ ਵਿੱਚ ਹਾਰੇ ਸਿਪਾਹੀ ਵਾਂਗ ਖੜ੍ਹਾ ਸੀ, ਜੋ ਆਪਣੀਆਂ ਅੱਖਾਂ ਵਿੱਚ ਧੱਕੇ ਨਾਲ ਆ ਰਹੇ ਹੰਝੂਆਂ ਨੂੰ ਖੁਸ਼ੀ ਦੇ ਮਾਹੌਲ ਵਿੱਚ ਤਰਲਿਆਂ ਨਾਲ ਰੋਕੀ ਖੜਾ ਸੀ।

ਨੇੜਲੇ ਪਿੰਡ ਢੁੱਕਣ ਲਈ ਜੱਗੇ ਦੀ ਬਾਰਾਤ ਗੁੰਮ-ਸੁੰਮ ਤੇ ਮੂਕ ਖੁਸ਼ੀ ਦੇ ਮਾਹੌਲ ਵਿੱਚ ਪਿੰਡ ਦੀ ਸੱਥ ਕੋਲੋਂ ਇੱਕ ਪਹੇ-ਪਹੇ ਪੈਦਲ ਜਾ ਰਹੀ ਸੀ ਤੇ ਉਸ ਦੇ ਬਰਾਬਰ ਦੇ ਦੂਸਰੇ ਪਹੇ ਉੱਤੇ ਹਵੇਲੀ ਵੱਲੋਂ ਗੱਡੀਆਂ ਤੇ ਗੱਡੀਆਂ (ਠੋਹਕਰਾਂ) ਰਾਹੀਂ ਧੂੜ ਉਡਾਉਂਦੀ ਕਾਕਾ ਕੁੰਵਰ ਪ੍ਰਤਾਪ ਸਿੰਘ ਦੀ ਬਾਰਾਤ ਹੂ-ਹੱਲਾ ਮਚਾਉਂਦੀ ਜਾ ਰਹੀ ਸੀ।

ਰਸਤੇ ਵਿੱਚ ਕੰਮ ਕਰਦੇ ਲੋਕ ਇਸ ਨਾ-ਬਰਾਬਰੀ ਬਾਰੇ ਮੂੰਹ ਜੋੜ-ਜੋੜ ਕੇ ਸ਼ਿਕਵੇ ਕਰਦੇ ਹੋਏ ਕਹਿ ਰਹੇ ਸਨ, ‘‘ਯਾਰ ਦਲੇਰ ਸਿਓਂ ਨੇ ਗੇਲੇ ਨਾਲ ਚੰਗਾ ਨਹੀਂ ਕੀਤਾ, ਇੱਕ ਗੱਡੀ ਦੇਣ ਨਾਲ ਕਿਹੜਾ ਕੁੰਵਰ ਦੀ ਬਾਰਾਤ ਦੀ ਸ਼ਾਨ ਘੱਟ ਜਾਣੀ ਸੀ। ਸਰਮਾਏਦਾਰ ਗਰੀਬ ਗੁਰਬੇ ਨੂੰ ਭਾਵੇਂ ਕਿੰਨਾ ਵੀ ਗਲ ਲਾਵੇ ਤੇ ਗਰੀਬ ਮਸਕੀਨ ਭਾਵੇਂ ਤਕੜੇ ਦੇ ਪੈਰਾਂ ਅੱਗੇ ਕਿੰਨੇ ਵੀ ਜੋੜੇ ਸਿੱਧੇ ਕਰ ਕੇ ਰੱਖ ਲਵੇ, ਪਰ ਸਰਮਾਏਦਾਰੀ ਦੇ ਜ਼ਿਹਨ ਵਿੱਚ ਇਹ ਸਮਾਜਕ ਨਾ-ਬਰਾਬਰੀ ਦੀ ਬੂ ਕਦੇ ਨਹੀਂ ਜਾ ਸਕਦੀ।’’

ਬਾਰਾਤਾਂ ਢੁੱਕ ਆਈਆਂ। ਹਵੇਲੀ ਵਿੱਚ ਵਾਜੇ-ਗਾਜੇ ਵੱਜ ਰਹੇ ਸਨ ਤੇ ਕਿਤੇ-ਕਿਤੇ ਪਟਾਕਿਆਂ ਦੀ ਆਵਾਜ਼ ਵਿੱਚ ਫਾਇਰ ਵੀ ਖੁੱਲ੍ਹ ਜਾਂਦੇ ਸਨ। ਰਾਤ ਪੈ ਗਈ। ਗੇਲਾ ਆਪਣੇ ਵਿਹੜੇ ਵਿੱਚ ਢਿੱਲੇ ਮੰਜੇ ਉੱਤੇ ਪਿਆ ਅਸਮਾਨ ਦੇ ਥਾਲ ਵਿੱਚ ਝਿਲਮਿਲਾਉਂਦੇ ਤਾਰਿਆਂ ਵੱਲ ਝਾਕ ਰਿਹਾ ਸੀ। ਅਸਮਾਨ ਵਿੱਚ ਕੋਈ ਕੋਈ ਤਾਰਾ ਸਾਥੀ ਤਾਰਿਆਂ ਨਾਲੋਂ ਟੁੱਟ ਕੇ ਅਸਮਾਨ ਵਿੱਚ ਲੰਮੀ ਚਿੱਟੀ ਝਰੀਟ ਵਾਹ ਕੇ ਅਲੋਪ ਹੋ ਜਾਂਦਾ ਸੀ। ਅੱਜ ਪੂਰੇ-ਪਰਵਾਰੇ ਚੰਦਰਮਾ ਦੀ ਪੂਰਨਮਾਸ਼ੀ ਦੀ ਰਾਤ ਪੂਰਨ ਹੋ ਕੇ ਵੀ ਉਸ ਨੂੰ ਅੱਧੇ ਚੰਨ੍ਹ ਦੀ ਪੁੰਨਿਆ ਲੱਗ ਰਹੀ ਸੀ ਤੇ ਉਹ ਸੋਚ ਰਿਹਾ ਸੀ ਕਿ ਕਿਸ ਤਰ੍ਹਾਂ ਆਰਥਕ ਮੰਦਹਾਲੀ ਦਾ ਝੰਬਿਆ ਮਨੁੱਖ ਵਜੂਦ ਵਲੋਂ ਪੂਰਾ ਹੋਣ ਦੇ ਬਾਵਜੂਦ ਇਸ ਪੂਰਨਮਾਸ਼ੀ ਦੇ ਪੂਰੇ-ਪਰਵਾਰੇ ਚੰਨ ਵਾਂਗ ਅੱਧਾ ਜਾਪਣ ਲੱਗ ਜਾਂਦਾ ਹੈ। ਫਿਰ ਪਤਾ ਨਹੀਂ ਕਦੋਂ ਉਸ ਦੀਆਂ ਸੇਜਲ ਅੱਖਾਂ ਵਿੱਚੋਂ ਇੱਕ ਨਿੱਘਾ ਅੱਥਰੂ ਕਿਰ ਕੇ ਉਸ ਦੇ ਕੰਨ ਥੱਲਿਓਂ ਹੁੰਦਾ ਵਹਿ ਗਿਆ, ਜੋ ਉਸ ਨੂੰ ਕੰਨ ਪਿੱਛੋਂ ਜਲੂਣ ਹੋਣ ਉੱਤੇ ਅਨੁਭਵ ਹੋਇਆ। ਗੇਲਾ ਸਾਰੀ ਰਾਤ ਜਾਗਦਾ ਅਸਮਾਨ ਵੱਲ ਤਕ ਰਿਹਾ ਸੀ। ਹੌਲੀ-ਹੌਲੀ ਤਾਰੇ ਖਿਸਕਣੇ ਸ਼ੁਰੂ ਹੋ ਗਏ। ਪ੍ਰਭਾਤ ਦੀ ਚਟਿਆਈ ਤੋਂ ਬਾਅਦ ਚਾਂਦੀ ਵਰਗੀ ਚਾਨਣੀ ਸੁਨਹਿਰੀ ਭਾਅ ਮਾਰਨ ਲੱਗ ਪਈ। ਸੂਰਜ ਉਗਣਾ ਸ਼ੁਰੂ ਹੋ ਗਿਆ, ਪਰ ਗੇਲਾ ਨਾ ਉਠਿਆ, ਜਿਸ ਦਾ ਸਰੀਰ ਠੰਢਾ ਬਰਫ ਹੋ ਗਿਆ ਤੇ ਅੱਖਾਂ ਅਸਮਾਨ ਵੱਲ ਸਥਿਰ ਤਾੜੇ ਲੱਗੀਆਂ ਹੋਈਆਂ ਸਨ। ਉਸ ਦੇ ਢਿੱਲੇ (ਧਰੰਗੇ) ਅਣਵਿੱਛੇ ਮੰਜੇ ਦੇ ਦੁਆਲੇ ਪਿੰਡ ਜੁੜਿਆ ਸੀ। ਗੇਲੇ ਦੀ ਘਰਵਾਲੀ ਵੈਣ ਪਾ ਰਹੀ ਸੀ, ਜਿਸ ਨੇ ਉਸ ਦੀਆਂ ਅੱਖਾਂ ਦੀਆਂ ਪਲਕਾਂ ਬੰਦ ਕਰ ਦਿੱਤੀਆਂ। ਕਿਸੇ ਤੋਂ ਸੁਣ ਸੁਣਾ ਕੇ ਦਲੇਰ ਸਿੰਘ ਵੀ ਭੀੜ ਨੂੰ ਚੀਰਦਾ ਹੋਇਆ ਆ ਗਿਆ। ਜੋ ਇਹ ਸਭ ਦੇਖ ਕੇ ਇੱਕ ਵਾਰ ਜਿਵੇਂ ਪੱਥਰ ਦਾ ਬੁੱਤ ਬਣ ਗਿਆ ਤੇ ਫਿਰ ਗੇਲੇ ਦੇ ਪੈਰ ਫੜ ਕੇ ਉਸ ਦੇ ਮੰਜੇ ਪਾਸ ਹੇਠਾਂ ਬੈਠ ਕੇ ਧਾਹਾਂ ਮਾਰਦਾ ਹੋਇਆ ਵਰਲਾਪ ਕਰਨ ਲੱਗ ਪਿਆ। ‘‘ਹਾਏ ਓਏ ਮੇਰਿਆ ਬੀਰਾ ਮੈਨੂੰ 'ਕੱਲੇ ਨੂੰ ਛੱਡ ਕੇ ਕਿੱਧਰ ਚਲਾ ਗਿਆ। ਤੇਰੇ ਬਿਨਾਂ ਮੈਂ ਕਿਵੇਂ ਸਾਰੂੰ ਓਏ ਬੀਰਾ ਮੇਰਿਆ?’’ ਫਿਰ ਦਲੇਰ ਸਿੰਘ ਵਿਰਲਾਪ ਕਰਦਾ ਹੋਇਆ ਹਵੇਲੀ ਪਹੁੰਚ ਗਿਆ, ਜੋ ਕੁਝ ਰਾਤ ਦੀ ਪੀਤੀ ਤੇ ਕੁਝ ਹੋਰ ਬੇਤਹਾਸ਼ਾ ਸ਼ਰਾਬ ਪੀ ਕੇ ਹਵੇਲੀ ਦੇ ਚੌਬੇਰ ਉਪਰ ਚੜ੍ਹ ਗਿਆ। ਜੋ ਕੁਝ ਚਿਰ ਨਸ਼ੇ ਵਿੱਚ ਬੁੜਬੁੜਾਉਂਦੇ ਰਿਹਾ ਤੇ ਫਿਰ ਇਹ ਕਹਿੰਦਾ ਹੋਇਆ, ‘‘ਮੈਂ ਤੇਰੇ ਕੋਲ ਹੀ ਆ ਰਿਹਾਂ ਬਾਈ ਗੇਲਿਆ, ਮੈਨੂੰ ਮੁਆਫ ਕਰਦੀਂ।’’ ਤੇ ਚੌਬਾਰੇ ਤੋਂ ਛਾਲ ਮਾਰ ਕੇ ਮਰ ਗਿਆ। ਸ਼ਾਮ ਨੂੰ ਦੋਵਾਂ ਦੇ ਸਿਵੇ ਪਿੰਡ ਦੇ ਸ਼ਮਸ਼ਾਨਘਾਟ ਵਿੱਚ ਬਰਬਰ ਬਲ ਰਹੇ ਸਨ। ਪਿੰਡ ਵਿੱਚ ਛੋਟੇ ਬੱਚਿਆਂ ਤੋਂ ਬਿਨਾਂ ਕਿਸੇ ਬੁਰਕੀ ਨਾ ਤੋੜੀ।

ਅੱਜ ਦੋਵਾਂ ਦੇ ਫੁੱਲ ਚੁੱਗੇ ਜਾ ਰਹੇ ਸਨ। ਸ਼ਮਸ਼ਾਨਘਾਟ ਵਿੱਚ ਬਹੁਤ ਭੀੜ ਇਕੱਠੀ ਸੀ। ਕੁੰਵਰ ਨੇ ਦਲੇਰ ਸਿੰਘ ਤੇ ਅਤੇ ਜੱਗੇ ਨੇ ਆਪਣੇ ਬਾਪੂ ਦੇ ਫੁੱਲ ਚੁੱਕੇ ਹੋਏ ਸਨ। ਦਲੇਰ ਸਿੰਘ ਦੀ ਘਰਵਾਲੀ ਨੇ ਦੋਵਾਂ ਦੇ ਫੁੱਲ ਕੋਰੇ ਘੜੇ ਵਿੱਚ ਪੁਆ ਦਿੱਤੇ ਤੇ ਵਰਲਾਪ ਕਰਦੀ ਹੋਈ ਕਹਿਣ ਲੱਗੀ, ‘‘ਬੇ ਇਨ੍ਹਾਂ ਨੂੰ 'ਕੱਠੇ ਜਾਂਦਿਆਂ ਨੂੰ ਨਾ ਵਿਛੋੜੋ।’’ ਸਾਰਾ ਮਾਹੌਲ ਗਮਗੀਨ ਸੀ। ਫੁੱਲ ਤਾਰਨ ਵਾਲੀ ਗੱਡੀ ਵਿੱਚ ਦਲੇਰ ਸਿੰਘ ਦੀ ਘਰ ਵਾਲੀ, ਗੇਲੇ ਦੇ ਘਰੋਂ ਅਤੇ ਇਨ੍ਹਾਂ ਨਾਲ ਕੁੰਵਰ ਤੇ ਜੱਗਾ ਬੈਠ ਗਏ, ਬਾਕੀ ਸਭ ਰਿਸ਼ਤੇਦਾਰ ਅਤੇ ਹੋਰ ਸੱਜਣ ਆਪੋ-ਆਪਣੀਆਂ ਗੱਡੀਆਂ ਉੱਤੇ ਮਗਰ-ਮਗਰ ਇੱਕ ਸ਼ੋਕਮਈ ਜਲੂਸ (ਕਾਫਲੇ) ਦੀ ਸ਼ਕਲ ਵਿੱਚ ਤੁਰ ਪਏ।

ਦਰਿਆ ਉੱਤੇ ਫੁੱਲ ਪ੍ਰਵਾਹੁਣ ਵਾਲੇ ਘਾਟ ਉੱਤੇ ਕੁੰਵਰ ਅਤੇ ਜੱਗੇ ਨੇ ਸਾਂਝੇ ਹੱਥਾਂ ਨਾਲ ਇਕੱਠਿਆਂ ਫੁੱਲ ਪ੍ਰਵਾਹ ਦਿੱਤੇ। ਕੁੰਵਰ ਨੇ ਰੋਂਦੇ ਹੋਏ ਨੇ ਜੱਗੇ ਨੂੰ ਜੱਫੀ ਵਿੱਚ ਲੈ ਲਿਆ ਅਤੇ ਦਲੇਰ ਸਿੰਘ ਦੀ ਘਰਵਾਲੀ ਨੇ ਗੇਲੇ ਦੀ ਘਰਵਾਲੀ ਨੂੰ ਜੱਫੀ ਵਿੱਚ ਲੈ ਕੇ ਰੋਣ ਲੱਗ ਪਈ। ਹਰ ਇੱਕ ਦੀਆਂ ਅੱਖਾਂ ਨਮ ਸਨ। ਦਲੇਰ ਸਿੰਘ ਦੀ ਘਰਵਾਲੀ ਨੇ ਸਾਰੇ ਲੋਕਾਂ ਦੀ ਹਾਜ਼ਰੀ ਵਿੱਚ ਗੇਲੇ ਦੀ ਘਰਵਾਲੀ ਨੂੰ ਕਿਹਾ, ‘‘ਲੈ ਭੈਣੇ ਅੱਜ ਤੋਂ ਆਪਾਂ ਦੋਵੇਂ ਭੈਣਾਂ ਅਤੇ ਜੱਗਾ ਮੇਰਾ ਪੁੱਤ ਹੋਇਆ, ਚਾਰ ਕਿੱਲੇ ਤੇ ਛੇ ਵਿਘੇ ਨਿਆਈਂ ਵਾਲੀ ਜ਼ਮੀਨ ਵੀ ਸਵੇਰੇ ਤਸੀਲ ਜਾ ਕੇ ਇਹਦੇ ਨਾਂਅ ਕਰਾਦੂੰ ਤਾਂ ਕਿ ਇਹਨੂੰ ਆਵਦੇ ਪੁੱਤ (ਮੇਰੇ ਪੋਤੇ) ਦੀ ਬਾਰਾਤ ਲਿਜਾਣ ਲਈ ਕਿਸੇ ਤੋਂ ਮੰਗੀ ਤੇ ਸਜਾਈ-ਸ਼ਿੰਗਾਰੀ ਗੱਡੀ ਵਾਪਸ ਨਾ ਮੋੜਨੀ ਪਵੇ ਤੇ ਇਸ ਨੂੰ ਪੂਰੇ ਪਰਵਾਰੇ ਚੰਨ ਦੀ ਪੂਰਨਮਾਸ਼ੀ ‘ਅੱਧੇ ਚੰਨ ਦੀ ਪੁੰਨਿਆਂ’ ਨਾ ਜਾਪੇ।’’ ਦਲੇਰ ਸਿੰਘ ਦੀ ਘਰਵਾਲੀ ਦੀ ਇਸ ਇਨਕਲਾਬੀ ਸੋਚ ਅਤੇ ਜਜ਼ਬੇ ਵਾਲੇ ਫੈਸਲੇ ਨੇ ਆਪਸੀ ਸਾਂਝ ਦੇ ਫਾਸਲੇ ਨੂੰ ਪੀਡਿਆਂ ਕਰ ਕੇ ਮੇਲ ਦਿੱਤਾ, ਜਿਸ ਨੂੰ ਸਭ ਹੱਕੇ-ਬੱਕੇ ਹੋ ਕੇ ਸੁਣ ਰਹੇ ਸੀ ਤੇ ਇੱਕ-ਟੱਕ ਖੁੱਲ੍ਹੀਆਂ ਅੱਖਾਂ ਨਾਲ ਤੱਕ ਰਹੇ ਸੀ।

ਦਰਿਆ ਦੇ ਘਾਟ ਤੋਂ ਕਾਫਲਾ ਪਿੰਡ ਜਾਣ ਲਈ ਰੁਖ਼ਸਤ ਹੋ ਗਿਆ।

# ਇਨੋਵੇਟਿਵ ਮੇਕਅਪ ਨਾਲ ਪਾਓ ਨਵਾਂ ਅੰਦਾਜ਼

## -ਬਿਊਟੀ ਟਿਪਸ-



ਅੱਜ ਦੇ ਯੁੱਗ ਵਿੱਚ ਮੇਕਅਪ ਦੀ ਪਰਿਭਾਸ਼ਾ ਕਾਫੀ ਬਦਲ ਗਈ ਹੈ। ਸਿਰਫ ਸੁੰਦਰ ਦਿਸਣ ਲਈ ਹੀ ਨਹੀਂ ਬਲਕਿ ਸਭ ਨਾਲੋਂ ਅਲੱਗ ਅਤੇ ਨਵੇਂ ਅੰਦਾਜ਼ ਵਿੱਚ ਦਿਸਣ ਵਿੱਚ ਮੇਕਅਪ ਵਿੱਚ ਪ੍ਰਯੋਗ ਕੀਤੇ ਜਾਂਦੇ ਹਨ। ਆਓ ਜਾਣਦੇ ਹਾਂ ਅੱਜ ਦੇ ਦੌਰ ਵਿੱਚ ਸੁੰਦਰ ਦਿਸਣ ਦੇ ਨਵੇਂ ਤਰੀਕੇ :

### ਗਲਿਟਰ ਇਫੈਕਟ

ਇਹ ਲੁਕ ਕਾਫੀ ਖੂਬਸੂਰਤ ਲੱਗਦੀ ਹੈ। ਇਸ ਵਿੱਚ ਪੂਰਾ ਮੇਕਅਪ ਨਿਊਡ ਹੁੰਦਾ ਹੈ ਯਾਨੀ ਇਕਦਮ ਨੈਚੁਰਲ। ਇਸ ਵਿੱਚ ਸਿਰਫ ਅੱਖਾਂ ਹਾਈਲਾਈਟ ਹੁੰਦੀਆਂ ਹਨ। ਅੱਖਾਂ ਦੇ ਮੇਕਅਪ ਵਿੱਚ ਨਾਰਮਲ ਆਈਲਾਈਨ ਅਤੇ ਆਈਸ਼ੈਡੋ ਗਲਿਟਰੀ ਹੁੰਦੀ ਹੈ। ਇਸ ਨਾਲ ਅੱਖਾਂ ਕਾਫੀ ਆਕਰਸ਼ਕ ਨਜ਼ਰ ਆਉਂਦੀਆਂ ਹਨ। ਇਸ ਲੁਕ ਦੇ ਲਈ ਲਿਪਸਟਿਕ ਵੀ ਨਿਊਡ ਕਲਰ ਦੀ ਹੀ ਲਗਾਓ।

### ਕਟ ਕ੍ਰੀਜ਼ ਆਈਜ਼

ਆਈ ਮੇਕਅਪ ਕਾਫੀ ਮਹੱਤਵ ਪੂਰਨ ਹੁੰਦਾ ਹੈ। ਅੱਜਕੱਲ੍ਹ ਇਸ ਵਿੱਚ ਵੀ ਕਾਫੀ ਬਦਲਾਅ ਨਜ਼ਰ ਆਉਂਦੇ ਹਨ। ਪਹਿਲਾਂ ਵਾਂਗ ਅੱਜਕੱਲ੍ਹ ਇੱਕ ਰੰਗ ਦਾ ਆਈਸ਼ੈਡੋ ਇਸਤੇਮਾਲ ਨਹੀਂ ਕੀਤਾ ਜਾਂਦਾ, ਸਗੋਂ ਕਟ ਕ੍ਰੀਜ਼ ਸਟਾਈਲ ਵਿੱਚ ਅਲੱਗ-ਅਲੱਗ ਰੰਗ ਦੇ ਆਈਸ਼ੈਡੋ ਇਸਤੇਮਾਲ ਹੁੰਦੇ ਹਨ। ਇਨ੍ਹਾਂ ਨੂੰ ਕਈ ਤਰ੍ਹਾਂ ਲਾਇਆ ਜਾਂਦਾ ਹੈ। ਜਿਵੇਂ ਇੱਕ ਦੇ ਉਪਰ ਇੱਕ ਜਾਂ ਅੱਖਾਂ ਦੇ ਪੂਰੇ ਹਿੱਸੇ ਉੱਤੇ ਇੱਕ ਤਰ੍ਹਾਂ ਦਾ ਆਈਸ਼ੈਡੋ ਅਤੇ ਆਖਰੀ ਹਿੱਸੇ ਉੱਤੇ ਗਹਿਰੇ ਰੰਗ ਦਾ ਅਲੱਗ ਸ਼ੈਡੋ ਲਗਾਇਆ ਜਾਂਦਾ ਹੈ। ਇਹ ਕਾਫੀ ਖੂਬਸੂਰਤ ਲੱਗਦਾ ਹੈ।

### ਗੋਲਡਨ ਟਚ

ਮੇਕਅਪ ਦਾ ਇਹ ਸਟਾਈਲ ਵਿਆਹ-ਪਾਰਟੀਆਂ ਵਿੱਚ ਜ਼ਿਆਦਾ ਪਸੰਦ ਕੀਤਾ ਜਾਂਦਾ ਹੈ, ਪਰ ਇਸ ਨੂੰ ਤੁਸੀਂ ਹੋਰਾਂ ਮੌਕਿਆਂ ਉੱਤੇ ਵੀ ਅਜ਼ਮਾ ਸਕਦੇ ਹੋ। ਇਸ ਵਿੱਚ ਆਈਲਾਈਨਰ, ਆਈਸ਼ੈਡੋ ਵਿੱਚ ਗੋਲਡਨ ਕਲਰ ਦਾ ਵਰਤੋ। ਯਾਨੀ ਅੱਖਾਂ ਦਾ ਮੇਕਅਪ ਪੂਰੀ ਤਰ੍ਹਾਂ ਗੋਲਡਨ ਰੱਖੋ। ਇਸ ਦੇ ਇਲਾਵਾ ਲਿਪਸਟਿਕ ਗੋਲਡਨ ਟਚ ਹੋਵੇ ਤਾਂ ਸੋਨੇ ਉੱਤੇ ਸੁਹਾਗਾ। ਜੇ ਗੋਲਡਨ ਲਿਪਸਟਿਕ ਨਹੀਂ ਹੈ ਤਾਂ ਬ੍ਰਾਂਜ਼ ਜਾਂ ਕੋਈ ਵੀ ਹਲਕੇ ਰੰਗ ਦੀ ਲਿਪਸਟਿਕ ਲਾ ਸਕਦੇ ਹੋ। ਜੇ ਰਾਤ ਦਾ ਫੰਕਸ਼ਨ ਹੈ ਤਾਂ ਲਿਪਸਿਟਕ ਗਹਿਰੇ ਰੰਗ ਦੀ ਵੀ ਲਾ ਸਕਦੇ ਹੋ।

### ਫ੍ਰੈਸ਼ ਐਂਡ ਕੂਲ ਲੁਕ

ਇਹ ਲੁਕ ਔਰਤਾਂ ਨੂੰ ਕਾਫੀ ਪਸੰਦ ਹੈ। ਇਸ ਵਿੱਚ ਅੱਖਾਂ ਦਾ ਮੇਕਅਪ ਨੀਲੇ ਰੰਗ ਦਾ ਹੁੰਦਾ ਹੈ। ਜਿਵੇਂ ਬਲੂ ਲਾਈਨਰ ਜਾਂ ਬਲੂ ਆਈਸ਼ੈਡੋ ਦਾ ਇਸਤੇਮਾਲ ਹੁੰਦਾ ਹੈ। ਫ੍ਰੈਸ਼ ਲੁਕ ਦੇਣ ਲਈ ਟ੍ਰਾਂਸਪੈਰੇਂਟ ਮਸਕਾਰਾ ਲਾਇਆ ਜਾਂਦਾ ਹੈ। ਇਸ ਨਾਲ ਅੱਖਾਂ ਬ੍ਰਾਈਟ ਅਤੇ ਫ੍ਰੈਸ਼ ਲਗਦੀਆਂ ਹਨ। ਹਾਂ, ਬਾਕੀ ਦਾ ਮੇਕਅਪ ਹਲਕਾ ਰੱਖ ਸਕਦੇ ਹੋ। ਮੇਕਅਪ ਦਾ ਇਹ ਸਟਾਈਲ ਨਵਾਂ ਵੀ ਹੈ ਅਤੇ ਕੂਲ ਵੀ।

### ਗ੍ਰਾਫਿਕ ਆਈਲਾਈਨਰ

ਤੁਸੀਂ ਹਾਲੇ ਤੱਕ ਆਈਲਾਈਨਰ ਦੇ ਬਾਰੇ ਗੱਲ ਹੁੰਦੇ ਹੀ ਬਲੈਕ ਲਾਈਨਰ ਜਾਂ ਬਰਾਊਨ ਲਾਈਨਰ ਦੀ ਚੋਣ ਦੇ ਬਾਰੇ ਵਿੱਚ ਸੋਚਦੇ ਹੋਵੋਗੇ। ਇਸ ਦੇ ਇਲਾਵਾ ਲਾਈਨਰ ਲਾਉਣ ਲਈ ਵੀ ਆਮ ਤਰੀਕੇ ਅਪਣਾਉਂਦੇ ਹੋਵੋਗੇ, ਜਿਵੇਂ ਵਿੰਗ ਲਾਈਨਰ, ਬ੍ਰਾਡ ਲਾਈਨਰ, ਪਤਲਾ ਲਾਈਨਰ ਆਦਿ। ਅੱਜਕੱਲ੍ਹ ਲਾਈਨਰ ਲਾਉਣ ਦੇ ਕਈ ਤਰੀਕੇ ਪ੍ਰਚੱਲਤ ਹਨ ਅਤੇ ਪਸੰਦ ਕੀਤੇ ਜਾ ਰਹੇ ਹਨ। ਇਨ੍ਹਾਂ ਵਿੱਚ ਗ੍ਰਾਫਿਕ ਲਾਈਨਰ, ਡਬਲ ਕਲਰ ਲਾਈਨਰ ਸ਼ਾਮਲ ਹਨ। ਇਸ ਵਿੱਚ ਲਾਈਨਰ ਦੇ ਅਲੱਗ-ਅਲੱਗ ਰੰਗਾਂ ਦੀ ਲੇਅਰ ਬਣਾਈ ਜਾਂਦੀ ਹੈ। ਇਸ ਦੇ ਇਲਾਵਾ ਲਾਈਨਰ ਨਾਲ ਪਲਕਾਂ ਉੱਤੇ ਆਕ੍ਰਿਤੀਆਂ ਤੱਕ ਬਣਾਈਆਂ ਜਾਂਦੀਆਂ ਹਨ।

# ਰਸੋਈ ਪਾਲਕ ਦਾ ਸੂਪ



ਸਮੱਗਰੀ-500 ਗਰਾਮ ਪਾਲਕ, ਚਾਰ ਮੀਡੀਅਮ ਆਕਾਰ ਦੇ ਟਾਮਚਰ, ਦੋ ਵੱਡੇ ਚਮਚ ਮੱਖਣ, ਦੋ ਵੱਡੇ ਚਮਚ ਕ੍ਰੀਮ, ਥੋੜ੍ਹਾ ਜਿਹਾ ਅਦਰਕ, ਅੱਧਾ ਛੋਟਾ ਚਮਚ ਕਾਲਾ ਨਮਕ, 1/4 ਛੋਟਾ ਚਮਚ ਕਾਲਾ ਨਮਕ, ਇੱਕ ਨਿੰਬੂ।

ਵਿਧੀ-ਪਾਲਕ ਦੇ ਸੂਪ ਲਈ ਸਭ ਤੋਂ ਪਹਿਲਾਂ ਪਾਲਕ ਦੇ ਮੋਟੇ ਠੰਡਲ ਕੱਟ ਕੇ ਉਸ ਨੰ ਚੰਗੀ ਤਰ੍ਹਾਂ ਧੋ ਲਓ। ਨਾਲ ਹੀ ਅਦਰਕ ਨੂੰ ਛਿੱਲ ਕੇ ਧੋ ਲਓ ਅਤੇ ਟਮਾਟਰ ਨੂੰ ਧੋ ਲਓ। ਫਿਰ ਤਿੰਨਾਂ ਚੀਜ਼ਾਂ ਨੂੰ ਮੋਟਾ-ਮੋਟਾ ਕੱਟ ਕੇ ਥੋੜ੍ਹਾ ਜਿਹਾ ਪਾਣੀ ਮਿਲਾਓ ਅਤੇ ਕਿਸੇ ਭਾਂਡੇ ਵਿੱਚ ਉਬਾਲ ਲਓ। ਜਦ ਪਾਲਕ ਨਰਮ ਹੋ ਜਾਏ ਤਾਂ ਗੈਸ ਬੰਦ ਕਰ ਦਿਓ ਅਤੇ ਫਿਰ ਉਸ ਨੂੰ ਠੰਢਾ ਕਰ ਕੇ ਮਿਕਸੀ ਵਿੱਚ ਬਰੀਕ ਪੀਸ ਲਓ। ਪੀਸੇ ਹੋਏ ਮਿਸ਼ਰਣ ਵਿੱਚ ਇੱਕ ਲੀਟਰ ਪਾਣੀ ਮਿਲਾ ਕੇ ਉਸ ਨੂੰ ਛਾ ਲਓ ਤੇ ਉਸ ਵਿੱਚ ਅਦਰਕ, ਕਾਲਾ ਨਮਕ ਅਤੇ ਕਾਲੀ ਮਿਰਚ ਪਾ ਕੇ ਮੱਧਮ ਸੇਕ ਉੱਤੇ ਉਬਾਲਾ ਆਉਣ ਤੱਕ ਸੇਕ ਲਓ। ਸੂਪ ਵਿੱਚ ਉਬਾਲਾ ਆਉਣ ਉੱਤੇ ਗੈਸ ਬੰਦ ਕਰ ਦਿਓ। ਤੁਹ-ਾਡਾ ਪਾਲਕ ਦਾ ਸੂਪ ਤਿਆਰ ਹੈ। ਬੱਸ ਇਸ ਵਿੱਚ ਮੱਖਣ ਅਤੇ ਨਿੰਬੂ ਦਾ ਰਸ ਮਿਲਾਓ ਅਤੇ ਗਰਮਾ-ਗਰਮ ਪਰੋਸੋ।



ਅ ਅੱਜ ਨਾਮਾ >>

ਛੱਬੀ ਜਨਵਰੀ ਆਈ ਜਾਂ ਪਈ ਸਿਰ ’ਤੇ,
ਲੱਗੀ ਚਿੰਤਾ ਜਿਹੀ ਕਰਨ ਸਰਕਾਰ ਬੇਲੀ।
ਸੁਣਿਆ ਦਿੱਲੀ ਕਿਸਾਨਾਂ ਨੇ ਆਣ ਵੜਨਾ,
ਟਰੈਕਟਰ ਆਉਣਗੇ ਬੰਨ੍ਹ ਕੇ ਡਾਰ ਬੇਲੀ।
ਏਨੀ ਪਬਲਿਕ ਨੂੰ ਸਾਂਭਣਾ ਹੋਊ ਮੁਸ਼ਕਲ,
ਲੰਮੀ ਹੋ ਜਾਊ ਇਹ ਬਹੁਤ ਕਤਾਰ ਬੇਲੀ।
ਵਾਸਤਾ ਪਾਇਆ ਕਿਸਾਨਾਂ ਦੇ ਲੀਡਰਾਂ ਦਾ,
ਜਿਹੜੇ ਰੁਕਣ ਲਈ ਨਹੀਂ ਤਿਆਰ ਬੇਲੀ।
ਸਖਤੀ ਕੀਤਿਆਂ ਵਿਗੜਦੀ ਬਾਤ ਲੱਗਦੀ,
ਕਾਫਲਾ ਤਾਂ ਵੀ ਨਾ ਹੋਣਾ ਇਹ ਡੱਕ ਬੇਲੀ।
ਦਿੱਤਿਆਂ ਢਿੱਲ ਵੀ ਕਈ ਹਨ ਸ਼ੱਕ ਬੇਲੀ,
ਹੋ ਗਿਆ ਔਖਾ ਬਚਾਉਣਾ ਹੈ ਨੱਕ ਬੇਲੀ।

ਤੀਸ ਮਾਰ ਖਾਂ

# ਖੇਤੀ ਕਾਨੂੰਨਾਂ ਬਾਰੇ ਸਾਡੀ ਬਣਾਈ ਕਮੇਟੀ ਜੱਜ ਨਹੀਂ, ਆਖਰੀ ਫੈਸਲਾ ਅਦਾਲਤ ਹੀ ਕਰੇਗੀ: ਸੁਪਰੀਮ ਕੋਰਟ

*** ਕਿਸਾਨ ਆਗੂ ਟਰੈਕਟਰ ਮਾਰਚ ਉੱਤੇ ਕਾਇਮ ਰਹੇ * ਦਿੱਲੀ ਪੁਲਿਸ ਦੀ ਕਿਸਾਨ ਆਗੂਆਂ ਨਾਲ ਬੈਠਕ ਬੇਨਤੀਜਾ**



ਨਵੀਂ ਦਿੱਲੀ, 19 ਜਨਵਰੀ, (ਪੋਸਟ ਬਿਊਰੋ)-ਭਾਰਤ ਸਰਕਾਰ ਦੇ ਤਿੰਨ ਖੇਤੀਬਾੜੀ ਕਾਨੂੰਨ ਦੇ ਮੁੱਦੇ ਨੂੰ ਹੱਲ ਕਰਨ ਦੇ ਲਈਸੁਪਰੀਮ ਕੋਰਟ ਨੇ ਜਿਹੜੀ ਕਮੇਟੀ ਬਣਾਈ ਸੀ, ਉਸ ਵਿੱਚੋਂ ਕਿਸਾਨ ਆਗੂ ਭੁਪਿੰਦਰ ਸਿੰਘ ਮਾਨ ਨਿਕਲ ਗਏ ਸਨ ਤੇ ਇਹ ਕਮੇਟੀ ਹੀ ਵਿਵਾਦ ਦਾ ਮੁੱਦਾ ਬਣ ਗਈ ਸੀ। ਭੁਪਿੰਦਰ ਸਿੰਘ ਮਾਨ ਦੇ ਇਸ ਕਮੇਟੀ ਤੋਂ ਨਿਕਲਣਬਾਰੇ ਇਸ਼ਾਰਾ ਕਰ ਕੇ ਚੀਫ਼ ਜਸਟਿਸ ਐੱਸਏ ਬੋਬੜੇ ਨੇ ਕਿਹਾ ਹੈ ਕਿ ਕਾਨੂੰਨ ਨੂੰ ਸਮਝਣ ਵਿੱਚ ਕੁਝ ਉਲਝਣ ਹੈ।

ਚੀਫ ਜਸਟਿਸ ਐੱਸ ਏ ਬੋਬੜੇ ਨੇ ਕਿਹਾ ਕਿ ਸੁਪਰੀਮ ਕੋਰਟ ਦੀ ਬਣਾਈ ਕਮੇਟੀ ਵਿੱਚ ਪਾਉਣ ਤੋਂ ਪਹਿਲਾਂ ਕਿਸੇ ਵਿਅਕਤੀ ਦੀ ਕੋਈ ਹੋਰ ਰਾਏ ਹੋ ਸਕਦੀ ਹੈ, ਪਰ ਪਿੱਛੋਂ ਰਾਏ ਬਦਲ ਸਕਦੀ ਹੈ। ਸੁਪਰੀਮ ਕੋਰਟ ਦੇ ਚੀਫ ਜਸਟਿਸ ਨੇ ਕਿਹਾ ਕਿ ਭਾਰਤ ਸਰਕਾਰ ਦੇ ਨਵੇਂ ਕਾਨੂੰਨਾਂ ਬਾਰੇ ਗਲਤਫਹਿਮੀ ਹੈ, ਜਿਸ ਵੱਲ ਅਸੀਂ ਧਿਆਨ ਦਿਵਾ ਰਹੇ ਹਾਂ। ਉਨ੍ਹਾ ਨੇ ਕਿਹਾ,‘ਜੇ ਤੁਸੀਂ ਕਮੇਟੀ ਬਣਾਉਂਦੇ ਹੋ ਤੇ ਜੇ ਉਨ੍ਹਾਂ ਨੇ ਕੋਈ ਵਿਚਾਰ ਪ੍ਰਗਟ ਕੀਤਾ ਹੈ ਤਾਂ ਇਸ ਦਾ ਇਹ ਮਤਲਬ ਨਹੀਂ ਕਿ ਉਨ੍ਹਾਂ ਨੂੰ ਕਮੇਟੀ ਵਿੱਚ ਨਹੀਂ ਹੋਣਾ ਚਾਹੀਦਾ। ਠੀਕ ਹੈ, ਤੁਸੀਂ ਕੁਝ ਕਿਹਾ ਹੈ ਅਤੇ ਤੁਸੀਂ ਆਪਣੇ ਵਿਚਾਰਬਦਲਣ ਦੇ ਹੱਕਦਾਰ ਹੋ। ਇਹ ਕਮੇਟੀ ਕੋਈ ਜੱਜ ਨਹੀਂ, ਫੈਸਲਾ ਤਾਂ ਅਦਾਲਤ ਨੇ ਕਰਨਾ ਹੈ।’ਇਸ ਦੌਰਾਨ ਨਵੇਂ ਖੇਤੀ ਕਾਨੂੰਨਾਂ ਦੇ ਖ਼ਿਲਾਫ਼ ਕਿਸਾਨ ਜਥੇਬੰਦੀਆਂ ਦਾ ਅੰਦੋਲਨ ਰੁਕ ਨਹੀਂ ਰਿਹਾ ਤੇ ਕਿਸਾਨਾਂ ਦੇ ਆਗੂ 26 ਜਨਵਰੀ ਨੂੰ ਦਿੱਲੀ ਵਿੱਚ ਟਰੈਕਟਰ ਮਾਰਚ ਕੱਢਣ ਦੀ ਮੰਗ ਉੱਤੇ ਅੜੇ ਹੋਏ ਹਨ। ਅੱਜ ਕਿਸਾਨ ਜਥੇਬੰਦੀਆਂ ਤੇ ਦਿੱਲੀ ਪੁਲਿਸ ਵਿਚਾਲੇ ਇਸ ਮੁੱਦੇ ਉੱਤੇਹੋਈ ਅਹਿਮ ਬੈਠਕ ਬੈਠਕ ਵਿੱਚ ਵੀ ਟਰੈਕਟਰ ਮਾਰਚ ਦਾ ਕੋਈ ਹੱਲ ਨਹੀਂ ਨਿਕਲ ਸਕਿਆ। ਕਿਸਾਨ ਜਥੇਬੰਦੀਆਂ ਟਰੈਕਟਰ ਮਾਰਚ ਕੱਢਣ ਉੱਤੇਕਾਇਮ ਰਹੀਆਂ ਅਤੇਦਿੱਲੀ ਪੁਲਿਸ ਗਣਤੰਤਰ ਦਿਵਸਮੌਕੇ ਸੁਰੱਖਿਆ ਪ੍ਰਬੰਧਾਂ ਕਾਰਨ ਟਰੈਕਟਰ ਮਾਰਚ ਕੱਢਣ ਦੀ ਮਨਜ਼ੂਰੀ ਦੇਣਾ ਨਹੀਂ ਮੰਨੀ।

ਵਰਨਣ ਯੋਗ ਹੈ ਕਿ ਕਿਸਾਨ ਜਥੇਬੰਦੀਆਂ ਨੇ ਭਾਰਤ ਸਰਕਾਰ ਦੇ ਤਿੰਨ ਖੇਤੀਬਾੜੀ ਕਾਨੂੰਨਾਂ ਨੂੰ ਰੱਦ ਕਰਾਉਣ ਦੀ ਮੰਗ ਉੱਤੇ ਜ਼ੋਰ ਦੇਣ ਲਈ 26 ਜਨਵਰੀ ਨੂੰ ਦਿੱਲੀ ਦੇ ਆਊਟਰ ਰਿੰਗ ਰੋਡ ਉੱਤੇ ਪਰੇਡ ਕੱਢਣ ਦਾ ਐਲਾਨ ਕਰ ਰੱਖਿਆ ਹੈ। ਇਸ ਟਰੈਕਟਰ ਪਰੇਡ ਨੂੰ ਮਨਜ਼ੂਰੀ ਦੇਣ ਦਾ ਫ਼ੈਸਲਾ ਦਿੱਲੀ ਪੁਲਿਸ ਨੇ ਕਰਨਾ ਹੈ, ਜਿਸ ਲਈ ਅੱਜ ਮੰਗਲਵਾਰ ਨੂੰ ਦਿੱਲੀ ਪੁਲਿਸ ਦੇ ਸੀਨੀਅਰ ਅਧਿਕਾਰੀਆਂ ਤੇ ਕਿਸਾਨ ਜਥੇਬੰਦੀਆਂ ਦੇ ਆਗੂਆਂ ਵਿਚਾਲੇ ਇਸ ਮੁੱਦੇ ਉੱਤੇਇੱਕ ਬੈਠਕ ਹੋਈ ਹੈ। ਦਿੱਲੀ ਪੁਲਿਸ ਨੇ ਕਿਹਾ ਹੈ ਕਿ ਕਿਸਾਨਾਂ ਦੀ ਟਰੈਕਟਰ ਪਰੇਡ ਦੌਰਾਨ ਦਿੱਲੀ ਵਿੱਚ ਕਾਨੂੰਨ ਵਿਵਸਥਾ ਪ੍ਰਭਾਵਤ ਹੋਵੇਗੀ, ਇਸ ਲਈ ਗਣਤੰਤਰ ਦਿਵਸ ਮੌਕੇ ਇਹ ਟਰੈਕਟਰ ਪਰੇਡ ਨੂੰ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ। ਇਸ ਕਾਰਨ ਦਿੱਲੀ ਪੁਲਸ ਅਤੇ ਕਿਸਾਨ ਆਗੂਆਂ ਦੀ ਗੱਲਬਾਤ ਵਿੱਚਕੋਈ ਵਿਚਾਲੇ ਦਾ ਰਸਤਾ ਨਹੀਂ ਨਿਕਲ ਸਕਿਆ।

## ਅਮਰੀਕੀ ਹਿੰਸਾ ਵਿੱਚ ਸਪੀਕਰ ਦਾ ਲੈਪਟਾਪ ਚੋਰੀ ਕਰ ਕੇ ਰੂਸ ਭੇਜਣ ਦੀ ਕੋਸ਼ਿਸ਼ ਵੀ ਹੋਈ

*** ਦੋਸ਼ੀ ਔਰਤ ਗ੍ਰਿਫਤਾਰ ਕਰ ਲਈ ਗਈ**





ਵਾਸ਼ਿੰਗਟਨ, 19 ਜਨਵਰੀ, (ਪੋਸਟ ਬਿਊਰੋ)-ਅਮਰੀਕਾ ਦੀ ਰਾਜਧਾਨੀ ਦੇ ਕੈਪੀਟਲ ਹਿੱਲ (ਪਾਰਲੀਮੈਂਟ ਭਵਨ) ਵਿੱਚਹੋਈ ਹਿੰਸਾ ਦੌਰਾਨ ਵਿਦੇਸ਼ੀ ਤਾਕਤਾਂ ਦੇ ਹੱਥ ਹੋਣ ਦਾ ਸ਼ੱਕ ਦਿਨੋ-ਦਿਨ ਵਧਦਾ ਜਾਂਦਾ ਹੈ। ਜਾਂਚ ਏਜੰਸੀ ਐੱਫ ਬੀ ਆਈ ਨੇ ਇਕ ਔਰਤ ਨੂੰ ਗ੍ਰਿਫਤਾਰ ਕੀਤਾ ਹੈ, ਜਿਸ ਨੇ ਉਸ ਦਿਨ ਦੀ ਹਿੰਸਾ ਦੌਰਾਨ ਪਾਰਲੀਮੈਂਟ ਦੀ ਸਪੀਕਰ ਨੈਂਸੀ ਪੇਲੋਸੀ ਦਾ ਲੈਪਟਾਪ ਚੋਰੀ ਕਰ ਲਿਆ ਤੇ ਉਸ ਨੂੰ ਆਪਣੇ ਇਕ ਰੂਸੀ ਦੋਸਤ ਨੂੰ ਭੇਜਣ ਦੀ ਕੋਸ਼ਿਸ਼ ਕਰ ਰਹੀ ਸੀ। ਇਹ ਲੈਪਟਾਪ ਅੱਗੋਂ ਉਸ ਔਰਤ ਦੇ ਦੋਸਤ ਨੇ ਰੂਸ ਦੀ ਇੰਟੈਲੀਜੈਂਸ ਸਰਵਿਸ ਨੂੰ ਪਹੁੰਚਾਉਣਾ ਸੀ।

ਫੜੀ ਗਈ ਔਰਤ ਦੀ ਗ੍ਰਿਫਤਾਰੀ ਬਾਰੇ ਜਾਣਕਾਰੀ ਨਿਆਂ ਵਿਭਾਗ ਦੀ ਵੈੱਬਸਾਈਟ ਉੱਤੇ ਸੋਮਵਾਰ ਦਿੱਤੀ ਗਈ ਹੈ, ਜਿਸ ਦੇ ਮੁਤਾਬਕ 6 ਜਨਵਰੀ ਨੂੰ ਕੈਪੀਟਲ ਹਿੱਲ ਵਿੱਚ ਹੋਈ ਹਿੰਸਾ ਦੌਰਾਨ ਪ੍ਰਤੀਨਿਧੀ ਹਾਊਸ ਦੀ ਸਪੀਕਰ ਨੈਂਸੀ ਪੇਲੋਸੀ ਦਾ ਲੈਪਟਾਪ ਚੋਰੀ ਕਰ ਲਿਆ ਗਿਆ ਸੀ ਅਤੇ ਇਸ ਲੈਪਟਾਪ ਦੇ ਸੰਬੰਧ ਵਿੱਚ ਪੈਨਸਿਲਵੇਨੀਆ ਵਿੱਚੋਂ ਰਿਲੇ ਜੂਨ ਵਿਲੀਅਮਜ਼ ਨਾਂ ਦੀ ਔਰਤ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਜਾਂਚ ਏਜੰਸੀ ਐੱਫ ਬੀ ਆਈ ਨੇ ਅਦਾਲਤ ਵਿੱਚਪੇਸ਼ ਕੀਤੇ ਕੇਸ ਵਿੱਚ ਕਿਹਾ ਕਿ ਇਹ ਔਰਤ ਇਸ ਲੈਪਟਾਪ ਨੂੰ ਆਪਣੇ ਇਕ ਦੋਸਤ ਨੂੰ ਦੇਣ ਦੇ ਯਤਨ ਕਰ ਰਹੀ ਸੀ ਤੇ ਉਸ ਰੂਸੀ ਦੋਸਤ ਦੀ ਇਸ ਲੈਪਟਾਪ ਨੂੰ ਅੱਗੇ ਰੂਸ ਦੀ ਫਾਰਨ ਇੰਟੈਲੀਜੈਂਸ ਸਰਵਿਸ ਨੂੰ ਵੇਚਣ ਦੀ ਯੋਜਨਾ ਸੀ। ਅਜੇ ਇਹ ਸਾਫ ਨਹੀਂ ਹੋ ਸਕਿਆ ਕਿ ਜੂਨ ਵਿਲੀਅਮਜ਼ ਨੇ ਲੈਪਟਾਪ ਆਪਣੇ ਦੋਸਤ ਨੂੰ ਦੇ ਦਿੱਤਾ ਸੀ ਜਾਂ ਉਸ ਨੂੰ ਤਬਾਹ ਕਰ ਦਿੱਤਾ ਹੈ। ਲੈਪਟਾਪ ਚੋਰੀ ਕਰਦੇ ਹੋਏ ਵਿਲੀਅਮਜ਼ ਦੀ ਵੀਡੀਓ ਸਬੂਤ ਦੇ ਤੌਰ ਉੱਤੇਅਦਾਲਤ ਵਿੱਚ ਪੇਸ਼ ਕੀਤੀ ਗਈ ਹੈ।

ਵਰਨਣ ਯੋਗ ਹੈ ਕਿ ਕੈਪਟੀਲ ਹਿੱਲ ਵਿੱਚ ਹਿੰਸਾ ਹੋਣ ਤੋਂ ਬਾਅਦ ਨੈਂਸੀ ਪੇਲੋਸੀ ਨੇ ਇਹ ਜਾਣਕਾਰੀ ਦਿੱਤੀ ਸੀ ਕਿ ਪਾਰਲੀਮੈਂਟ ਵਿੱਚ ਪ੍ਰਜ਼ੈਂਟੇਸ਼ਨ ਦੇ ਕੰਮ ਆਉਣ ਵਾਲਾ ਲੈਪਟਾਪ ਹਿੰਸਾ ਦੌਰਾਨ ਗਾਇਬ ਹੋ ਗਿਆ ਸੀ।

## ਮਮਤਾ ਬੈਨਰਜੀ ਨੇ ਭਾਜਪਾ ਨੂੰ ਨਕਸਲੀਆਂ ਤੋਂ ਵੱਧ ਖ਼ਤਰਨਾਕ ਕਿਹਾ

*** ਵਿਰੋਧੀਆਂ ਨੂੰ ਡਰਾਉਣ ਲਈ ਆਈ ਟੀ ਸੈੱਲ ਦੀ ਵਰਤੋਂ ਦਾ ਦੋਸ਼**



ਕੋਲਕਾਤਾ, 19 ਜਨਵਰੀ, (ਪੋਸਟ ਬਿਊਰੋ)-ਪੱਛਮੀ ਬੰਗਾਲ ਵਿੱਚ ਵਿਧਾਨ ਸਭਾ ਚੋਣਾਂ ਨੇੜੇ ਆਉਣ ਦੇ ਕਾਰਨ ਸਿਆਸੀ ਧਿਰਾਂ ਵਿਚਾਲੇ ਜ਼ੁਬਾਨੀ ਜੰਗ ਤੇਜ਼ ਹੁੰਦੀ ਜਾਂਦੀ ਹੈ। ਅੱਜ ਮੰਗਲਵਾਰ ਨੂੰ ਪੁਰੂਲੀਆ ਜ਼ਿਲ੍ਹੇ ਵਿੱਚ ਚੋਣ ਰੈਲੀ ਵਿੱਚ ਬੋਲਦੇ ਹੋਏ ਮੁੱਖ ਮੰਤਰੀ ਤੇ ਤ੍ਰਿਣਮੂਲ ਕਾਂਗਰਸ ਦੀ ਮੁਖੀ ਮਮਤਾ ਬੈਨਰਜੀ ਨੇ ਭਾਜਪਾ ਨੂੰ ਨਕਸਲੀਆਂ ਤੋਂ ਵੱਧ ਖ਼ਤਰਨਾਕ ਕਹਿਦਿੱਤਾ ਤੇ ਦੋਸ਼ ਲਾਇਆ ਕਿ ਭਾਜਪਾ ਆਪਣੇ ਵਿਰੋਧੀਆਂ ਨੂੰ ਧਮਕਾਉਣ ਲਈ ਆਈਟੀ ਸੈੱਲ ਦੀ ਵਰਤੋਂ ਕਰਦੀ ਹੈ ਅਤੇ ਇਸ ਦੇ ਆਈਟੀ ਸੈੱਲ ਨੇ ਫਰਜ਼ੀ ਖ਼ਬਰਾਂ ਫੈਲਾਉਣ ਲਈ ਕਈ ਵ੍ਹਟਸਐਪ ਗਰੁੱਪ ਬਣਾਏ ਹਨ।

ਮਮਤਾ ਬੈਨਰਜੀ ਨੇ ਦੋਸ਼ ਲਾਇਆ ਕਿ ‘ਭਾਜਪਾ ਨਕਸਲੀਆਂ ਤੋਂ ਵੀ ਵੱਧ ਖ਼ਤਰਨਾਕ ਹੈ,ਜੋ ਲੋਕਾਂ ਨੂੰ ਆਪੋ ਵਿੱਚ ਲੜਾਉਂਦੀ ਅਤੇ ਦੰਗਾ ਫੈਲਾਉਂਦੀ ਹੈ। ਅਸੀਂ ਬੰਗਾਲ ਵਿੱਚ ਦੰਗਾਬਾਜ ਭਾਜਪਾ ਨੂੰ ਜਿੱਤਣ ਨਹੀਂ ਦੇਵਾਂਗੇ।’ ਇਸ ਦੌਰਾਨ ਮਮਤਾ ਨੇ ਇਹ ਵੀ ਦੋਸ਼ ਲਾਇਆ ਕਿ ਪਿਛਲੇ ਕੁਝ ਸਮੇਂ ਤੋਂ ਦੇਖਿਆ ਗਿਆ ਹੈ ਕਿ ਸਾਡੀਆਂ ਰੈਲੀਆਂ ਵਿੱਚ ਭਾਜਪਾ ਕੁਝ ਲੋਕਾਂ ਨੂੰ ਭੇਜਦੀ ਹੈ, ਜੋ ਇੱਥੇ ਅਰਾਜਕਤਾ ਫੈਲਾਉਣ ਦਾ ਕੰਮ ਕਰਦੇ ਹਨ। ਉਨ੍ਹਾਂ ਨੇ ਧਮਕੀ ਦਿੱਤੀ ਕਿ ਅਸੀਂ ਵੀ ਭਾਜਪਾ ਅਤੇ ਸੀ ਪੀ ਐੱਮ ਦੀਆਂ ਬੈਠਕਾਂ ਵਿੱਚ ਵਿਘਨ ਪਾਉਣ ਤੇ ਹੰਗਾਮਾ ਕਰਨ ਲਈ ਆਪਣੇ ਲੋਕਾਂ ਨੂੰ ਭੇਜਾਂਗੇ। ਉਨ੍ਹਾਂ ਨੇ ਲੋਕਾਂ ਨੂੰ ਕਿਹਾ ਕਿ ‘ਜੇ ਕੋਈ (ਭਾਜਪਾ) ਤੁਹਾਨੂੰ ਵੋਟਾਂ ਦੇ ਬਦਲੇ ਪੈਸਾ ਦਿੰਦਾ ਹੈ ਤਾਂ ਤੁਸੀਂ ਪੈਸੇ ਲੈ ਲਓ।’

ਮਹਾਨ ਆਜ਼ਾਦੀ ਘੁਲਾਟੀਏ ਨੇਤਾਜੀ ਸੁਭਾਸ਼ ਚੰਦਰ ਬੋਸ ਦੇ ਜਨਮ ਦਿਨ ਨੂੰ ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਨੇ ‘ਪਰਾਕ੍ਰਮ ਦਿਵਸ' ਵਜੋਂ ਮਨਾਉਣ ਦਾ ਐਲਾਨ ਕੀਤਾ ਹੈ। ਇਸ ਐਲਾਨ ਬਾਰੇ ਮਮਤਾ ਬੈਨਰਜੀ ਨੇ ਕਿਹਾ ਕਿ “ਇਹ ਕੇਂਦਰ ਸਰਕਾਰ ਦਾ ਵਿਸ਼ਾ ਹੈ। ‘ਪਰਾਕ੍ਰਮ ਦਿਵਸ’ ਨਾਂਅ ਤੋਂ ਨਾ ਅਸੀਂ ਤੇ ਨਾ ਨੇਤਾਜੀ ਦਾ ਪਰਿਵਾਰ ਖ਼ੁਸ਼ ਹੈ।” ਉਨ੍ਹਾਂ ਨੇ ਕਿਹਾ ਕਿ ਨੇਤਾਜੀ ਦੇ ਜਨਮ ਦਿਨ ਨੂੰ ‘ਦੇਸ਼ਨਾਇਕ ਦਿਵਸ’ ਜਾਂ ‘ਦੇਸ਼ਪ੍ਰੇਮ ਦਿਵਸ’ ਦਾ ਨਾਂਅਦਿੱਤਾ ਜਾਂਦਾ ਤਾਂ ਬਿਹਤਰ ਹੋਣਾ ਸੀ, ਅਸੀਂ ‘ਦੇਸ਼ਨਾਇਕ ਦਿਵਸ’ ਦੇ ਰੂਪ ਵਿੱਚ ਹੀ ਉਨ੍ਹਾਂ ਦੀ ਜੈਅੰਤੀ ਮਨਾਵਾਂਗੇ।

## ਸੁਪਰੀਮ ਕੋਰਟ ਕਮੇਟੀ ਦੇ ਮੈਂਬਰ ਨੇ ਕਿਹਾ: ਜੇ ਨਵੇਂ ਖੇਤੀ ਕਾਨੂੰਨ ਰੱਦ ਕੀਤੇ ਤਾਂ 50 ਸਾਲ ਕੋਈ ਸਰਕਾਰ ਹੱਥ ਹੀ ਨਹੀਂ ਲਾਵੇਗੀ



ਨਵੀਂ ਦਿੱਲੀ, 19 ਜਨਵਰੀ, (ਪੋਸਟ ਬਿਊਰੋ)-ਭਾਰਤ ਦੀ ਸੁਪਰੀਮ ਕੋਰਟ ਵੱਲੋਂ ਖੇਤੀਬਾੜੀ ਕਾਨੂੰਨਾਂ ਬਾਰੇ ਵਿਚਾਰ ਲਈ ਬਣਾਈ ਗਈ ਕਮੇਟੀ ਦੇ ਇੱਕ ਮੈਂਬਰ ਨੇ ਕਿਹਾ ਹੈ ਕਿ ਜੇ ਅੱਜ ਇਨ੍ਹਾਂ ਕਾਨੂੰਨਾਂ ਨੂੰ ਵਾਪਸ ਲਿਆ ਜਾਵੇ ਤਾਂ ਅਗਲੇ ਪੰਜਾਹ ਸਾਲ ਕੋਈ ਵੀ ਸਰਕਾਰ ਖੇਤੀਬਾੜੀ ਕਾਨੂੰਨਾਂ ਨੂੰ ਛੇੜਨ ਦੀ ਹਿੰਮਤ ਨਹੀਂ ਕਰੇਗੀ ਅਤੇ ਕਿਸਾਨ ਮਰਦਾ ਰਹੇਗਾ।

ਇਸ ਮਾਮਲੇ ਵਿੱਚ ਸੁਪਰੀਮ ਕੋਰਟ ਵੱਲੋਂ ਖੇਤੀਬਾੜੀ ਕਾਨੂੰਨਾਂ ਬਾਰੇ ਬਣਾਈ ਗਈ ਕਮੇਟੀ ਦੇ ਮੈਂਬਰ ਅੱਜ ਆਪਸ ਵਿੱਚ ਮਿਲੇ ਤਾਂ ਇਸ ਦੇ ਬਾਅਦ ਕਮੇਟੀ ਦੇ ਇੱਕ ਮੈਂਬਰ ਅਨਿਲ ਘਨਵਤ ਨੇ ਕਿਹਾ ਕਿ ਭਾਰਤ ਸਰਕਾਰ ਦੇ ਬਣਾਏ ਨਵੇਂ ਕਾਨੂੰਨ ਅੱਜ ਰੱਦ ਹੋ ਗਏ ਤਾਂ 50 ਸਾਲ ਫਿਰ ਕੋਈ ਸਰਕਾਰ ਇਸ ਮੁੱਦੇ ਨੂੰ ਹੱਥ ਨਹੀਂ ਪਾਵੇਗੀ।ਇਸ ਕਮੇਟੀ ਦੀ ਅੱਜ ਹੋਈ ਪਹਿਲੀ ਮੀਟਿੰਗ ਵਿੱਚ 21 ਜਨਵਰੀ ਤੋਂ ਕਿਸਾਨਾਂ ਨਾਲ ਗੱਲਬਾਤਸ਼ੁਰੂ ਕਰਨ ਦਾ ਫੈਸਲਾ ਹੋਇਆ ਹੈ। ਮੁੱਢਲੇ ਰੂਪ ਵਿੱਚ ਚਾਰ ਮੈਂਬਰੀ ਬਣਾਈ ਇਸ ਕਮੇਟੀ ਦੇ ਇਕ ਮੈਂਬਰ ਭੁਪਿੰਦਰ ਸਿੰਘ ਮਾਨ ਨੇ ਆਪਣਾ ਨਾਮ ਵਾਪਸ ਲੈ ਲਿਆ ਸੀ, ਇਸ ਲਈ ਅੱਜ ਦੀ ਮੀਟਿੰਗ ਵਿੱਚ ਬਾਕੀ ਤਿੰਨ ਮੈਂਬਰ ਵਿੱਚ ਸ਼ਾਮਲ ਹੋਏ। ਕਮੇਟੀ ਮੈਂਬਰ ਤੇ ਕਿਸਾਨ ਆਗੂ ਕਹੇ ਜਾਂਦੇ ਅਨਿਲ ਘਨਵਤ ਨੇ ਮੀਟਿੰਗ ਤੋਂ ਬਾਅਦ ਕਿਹਾ ਕਿ ਬੀਤੇ 70 ਸਾਲਾਂ ਤੋਂ ਕਿਸਾਨਾਂ ਦੀ ਹਾਲਤਵਿੱਚਸੁਧਾਰ ਨਹੀਂ ਹੋਇਆ, ਸਾਰੇ ਇਸ ਗੱਲ ਨੂੰ ਮੰਨਦੇ ਹਨ ਤੇ ਇਸੇ ਲਈ ਕਾਨੂੰਨ ਬਦਲਣ ਦੀ ਲੋੜ ਹੈ। ਉਨ੍ਹਾ ਕਿਹਾ ਕਿ ਉਹ ਵੀ ਕਾਨੂੰਨਾਂ ਨੂੰ ਪੂਰਾ ਠੀਕ ਨਹੀਂ ਮੰਨਦੇ, ਪਰ ਕਿਸਾਨਾਂ ਨੂੰ ਆਪਣੇਇਤਰਾਜ਼ਇਸ ਕਮੇਟੀ ਅੱਗੇ ਰੱਖਣੇ ਚਾਹੀਦੇ ਹਨ।

ਅਨਿਲ ਘਨਵਤ ਨੇ ਕਿਹਾ, “ਇਹ ਪੱਕਾ ਹੈ ਕਿ ਅੱਜਤੱਕ ਕਿਸਾਨਾਂ ਨਾਲ ਸਬੰਧਤ ਨੀਤੀਆਂ ਅਤੇ ਕਾਨੂੰਨ ਨਾਕਾਫੀ ਹਨ, ਕਿਉਂਕਿ ਜੇ ਇਹ ਕਾਨੂੰਨ ਕਿਸਾਨ ਪੱਖੀ ਹੁੰਦੇ ਤਾਂ ਸਾਢੇ ਚਾਰ ਲੱਖ ਕਿਸਾਨ ਖੁਦਕੁਸ਼ੀ ਨਾ ਕਰ ਜਾਂਦੇ। ਕਾਨੂੰਨਾਂ ਵਿੱਚ ਕੁਝ ਤਬਦੀਲੀਆਂ ਕਰਨ ਦੀ ਲੋੜ ਹੈ। ਜੇ ਇਹ ਨਵੇਂ ਕਾਨੂੰਨ ਵਾਪਸ ਹੋ ਗਏ ਤਾਂ ਅਗਲੇ 50 ਸਾਲ ਕੋਈ ਹੋਰ ਸਰਕਾਰ ਜਾਂ ਪਾਰਟੀ ਏਦਾਂ ਦੀ ਹਿੰਮਤ ਤੇ ਸਬਰ ਨਹੀਂ ਦਿਖਾ ਸਕੇਗੀ ਅਤੇ ਕਿਸਾਨ ਮਰਦਾ ਰਹੇਗਾ।’

ਇਸ ਦੌਰਾਨ ਅੱਜ ਦੀ ਮੀਟਿੰਗ ਵਿੱਚ ਫੈਸਲਾ ਲਿਆ ਗਿਆ ਕਿ 21 ਜਨਵਰੀ ਤੋਂ ਇਹ ਕਮੇਟੀ ਕਿਸਾਨ ਆਗੂਆਂ ਨਾਲ ਗੱਲਬਾਤਸ਼ੁਰੂ ਕਰੇਗੀ ਤੇ ਕਿਸਾਨਾਂ ਤੋਂ ਬਿਨਾ ਕੇਂਦਰ ਤੇ ਰਾਜ ਸਰਕਾਰਾਂ ਸਮੇਤ ਸਾਰੇ ਸੰਬੰਧਤ ਲੋਕਾਂ ਨਾਲ ਗੱਲਬਾਤ ਕੀਤੀ ਜਾਵੇਗੀ। ਇਹ ਕਮੇਟੀ ਇਕ ਪੋਰਟਲ ਬਣਾ ਰਹੀ ਹੈ, ਜਿਸ ਉੱਤੇ ਕੋਈ ਵੀ ਵਿਅਕਤੀਨਿੱਜੀ ਤੌਰ ਉੱਤੇ ਆਪਣੀ ਰਾਏ ਦੇ ਸਕਦਾ ਹੈ ਅਤੇ ਕਮੇਟੀ ਦਿੱਲੀ ਤੋਂ ਬਾਹਰ ਵੀ ਖੇਤਰਾਂ ਦੇ ਅਨੁਸਾਰ ਦੌਰਾ ਵੀ ਕਰੇਗੀ।

## ਪਾਕਿ ਚੋਣ ਕਮਿਸ਼ਨ ਨੇ ਡੰਡਾ ਚੁੱਕਿਆ: ਜਾਇਦਾਦ ਦਾ ਵੇਰਵਾ ਜਮ੍ਹਾਂ ਨਾ ਕਰਨ ਵਾਲੇ 154 ਪਾਰਲੀਮੈਂਟ ਮੈਂਬਰ ਤੇ ਵਿਧਾਇਕ ਸਸਪੈਂਡ



ਇਸਲਾਮਾਬਾਦ, 19 ਜਨਵਰੀ, (ਪੋਸਟ ਬਿਊਰੋ)-ਪਾਕਿਸਤਾਨ ਦੇ ਚੋਣ ਕਮਿਸ਼ਨ ਨੇ ਜਾਇਦਾਦ ਦਾ ਵੇਰਵਾ ਨਾ ਦੇਣ ਦੇ ਦੋਸ਼ ਹੇਠ ਪਾਰਲੀਮੈਂਟ ਅਤੇ ਸੂਬਾਈ ਵਿਧਾਨ ਸਭਾਵਾਂ ਦੇ 154 ਮੈਂਬਰਾਂ ਦੀ ਮੈਂਬਰੀ ਅਸਥਾਈ ਤੌਰ ਉੱਤੇਸਸਪੈਂਡ ਕਰ ਦਿੱਤੀਹੈ। ਇਨ੍ਹਾਂ ਮੈਂਬਰਾਂ ਨੂੰ ਆਪਣੀ ਜਾਇਦਾਦ ਬਾਰੇ ਪੂਰੀ ਜਾਣਕਾਰੀ ਜਲਦੀ ਦੇਣ ਦੇ ਆਦੇਸ਼ ਦਿੱਤੇ ਗਏ ਹਨ ਤੇ ਜਦੋਂ ਤੱਕ ਉਹ ਇਹ ਜ਼ਿਮੇਵਾਰੀ ਪੂਰੀ ਨਹੀਂ ਕਰਦੇ, ਉਨ੍ਹਾਂ ਨੂੰ ਸਸਪੈਂਡ ਮੰਨਿਆ ਜਾਵੇਗਾ।

ਵਰਨਣ ਯੋਗ ਹੈ ਕਿ ਚੋਣ ਕਮਿਸ਼ਨ ਵੱਲੋਂ ਸਸਪੈਂਡ ਕੀਤੇ ਪਾਰਲੀਮੈਂਟ ਮੈਂਬਰਾਂ ਵਿਚ ਇਮਰਾਨ ਖ਼ਾਨ ਸਰਕਾਰ ਦੇ ਕਈ ਸੀਨੀਅਰ ਮੰਤਰੀ ਵੀ ਸ਼ਾਮਲ ਹਨ। ਡਾਨ ਅਖਬਾਰ ਦੇ ਅਨੁਸਾਰਪਾਕਿਸਤਾਨ ਦੇਇਹ154 ਪਾਰਲੀਮੈਂਟ ਮੈਂਬਰ ਅਤੇ ਵਿਧਾਇਕ ਉਦੋਂ ਤਕ ਸਸਪੈਂਡ ਰਹਿਣਗੇ, ਜਦੋਂ ਤੱਕ ਉਹ ਜਾਇਦਾਦ ਦਾ ਸਾਲਾਨਾ ਬਿਊਰਾ ਜਮ੍ਹਾਂ ਨਹੀਂ ਕਰਾਉਂਦੇ। ਉਂਜ ਇਹ ਪਹਿਲਾ ਮੌਕਾ ਨਹੀਂ, ਜਦੋਂ ਪਾਕਿਸਤਾਨ ਚੋਣ ਕਮਿਸ਼ਨ ਨੇ ਏਦਾਂ ਦੀ ਕਾਰਵਾਈ ਕੀਤੀ ਹੈ। ਅਖਬਾਰ ਡਾਨ ਦੇ ਅਨੁਸਾਰ ਪਾਕਿਸਤਾਨ ਵਿੱਚ ਚੋਣ ਕਮਿਸ਼ਨ ਹਰ ਸਾਲ ਇਸਦੋਸ਼ਕਾਰਨ ਕਈ ਪਾਰਲੀਮੈਂਟ ਮੈਂਬਰਾਂ ਅਤੇ ਵਿਧਾਇਕਾਂ ਦੀ ਮੈਂਬਰੀ ਅਸਥਾਈ ਤੌਰ ਉਤੇ ਸਸਪੈਂਡ ਕਰਦਾ ਹੈ। ਜਿਨ੍ਹਾਂ ਪਾਕਿਸਤਾਨੀ ਪਾਰਲੀਮੈਂਟ ਮੈਂਬਰਾਂ ਤੇ ਵਿਧਾਇਕਾਂ ਨੂੰ ਸਸਪੈਂਡ ਕੀਤਾ ਗਿਆ ਹੈ, ਉਨ੍ਹਾਂ ਵਿੱਚ ਇੰਟਰ ਸਟੇਟ ਕੋਆਰਡੀਨੇਸ਼ਨ ਮੰਤਰੀ ਫਹਿਮੀਦਾ ਮਿਰਜ਼ਾ, ਵਿਗਿਆਨ ਅਤੇ ਤਕਨਾਲੋਜੀ ਮੰਤਰੀ ਫਵਾਦ ਚੌਧਰੀ ਅਤੇ ਸਮੁੰਦਰੀ ਮਾਮਲਿਆਂ ਦੇ ਮੰਤਰੀ ਹੈਦਰ ਜ਼ੈਦੀ ਸ਼ਾਮਲ ਹਨ

ਨੈਨੀ ਦੀ ਲੋੜ
Queen and credit view area
ਵਿਚ ਘਰ ਦਾ ਕੰਮਕਾਰ ਕਰਨ ਲਈ ਨੈਨੀ ਦੀ ਲੋੜ ਹੈ। 50 ਸਾਲ ਤੋਂ ਉਪਰ ਉਮਰ ਦੀ ਔਰਤ ਹੀ ਸੰਪਰਕ ਕਰੇ।
ਸੰਪਰਕ:- 416-556-6884

PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

BEST CANADIAN TRUCK & FORKLIFT TRAINING CENTRE
Best Canadian Truck & Forklift Training Centre
Registered as a Private Career College Under the Private Career College Act. 2005
AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-
Karnail Singh
416.670.3173 | 905.799.7333
27 Edvac Dr, Brampton, ON L6S 5X8


A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

# 'ਪੁੰਛ ਦੇ ਰਾਖੇ' ਬ੍ਰਿਗੇਡੀਅਰ ਪ੍ਰੀਤਮ ਸਿੰਘ ਬਾਰੇ ਦਸਤਾਵੇਜੀ ਫ਼ਿਲਮ ਤਿਆਰ

ਲੁਧਿਆਣਾ, 19 ਜਨਵਰੀ (ਪਰਮਜੀਤ ਸਿੰਘ ਬਾਗੜੀਆ)- ਪੁੰਛ ਖਿੱਤੇ ਅਤੇ ਲੋਕਾਂ ਨੂੰ ਬਚਾਉਣ ਲਈ ਇਕ ਸਾਲ ਤੱਕ ਪਾਕਿ ਫੌਜ ਅਤੇ ਕਬਾਇਲੀਆਂ ਨਾਲ ਹਿੱਕ ਡਾਹ ਕੇ ਲੜੇ ਅਤੇ ਪੁੰਛ ਨੂੰ ਬਚਾਉਣ ਵਿਚ ਸਫਲ ਰਹੇ ਇਸ ਫੌਜੀ ਨਾਇਕ ਨੂੰ ਤੁਛ ਕਾਰਨਾਂ ਕਰਕੇ ਫੌਜ ਵਲੋਂ ਕੋਰਟ ਮਾਰਸ਼ਲ ਕੀਤਾ ਗਿਆ। ਇਸ ਫਿਲਮ ਰਾਹੀਂ ਅਨੇਕਾਂ ਸੈਨਿਕ ਮਿਸ਼ਨ ਫਤਿਹ ਕਰਨ ਵਾਲੇ ਨਾਇਕ ਨਾਲ ਹੋਈ ਬੇਇਨਸਾਫੀ ਦੀਆਂ ਪਰਤਾਂ ਖੋਹਲਣ ਦੀ ਕੋਸ਼ਿਸ਼ ਕੀਤੀ ਗਈ ਹੈ। ਬੀਤੀ 20ਵੀਂ ਸਦੀ ਵਿਚ ਲੜੀਆਂ ਗਈਆਂ ਦੋ ਵਿਸ਼ਵ ਜੰਗਾਂ ਵਿਚ ਪੰਜਾਬ ਦੇ ਸਿੱਖ ਅਫਸਰਾਂ ਅਤੇ ਸੈਨਿਕਾਂ ਦੀਆਂ ਬਹਾਦਰੀ ਅਤੇ ਆਪਣੇ ਫਰਜ਼ ਤੋਂ ਕੁਰਬਾਨ ਹੋਣ ਦੀਆਂ ਹਜਾਰਾਂ ਕਹਾਣੀਆਂ ਜੰਗੀ ਇਤਿਹਾਸ ਦੇ ਸੁਨਹਿਰੀ ਪੰਨਿਆਂ ਦਾ ਸ਼ਿੰਗਾਰ ਬਣੀਆਂ ਹੋਈਆਂ ਹਨ। ਦੋ ਆਲਮੀ ਯੁੱਧਾਂ ਤੋਂ ਬਾਅਦ ਵੀ 1947 ਵੇਲੇ ਦੇਸ਼ ਵੰਡ ਉਪਰੰਤ ਪਾਕਿਸਤਾਨ ਵਲੋਂ ਜੰਮੂ ਕਸ਼ਮੀਰ ਨਾਲ ਲਗਦੇ ਇਲਾਕਿਆਂ ਨੂੰ ਫੌਜ ਅਤੇ ਕਬਾਇਲੀ ਧਾੜਵੀਆਂ ਰਾਹੀਂ ਹਥਿਆ ਲੈਣ ਦੀਆਂ ਸਭ ਕੋਸ਼ਿਸ਼ਾਂ ਭਾਰਤੀ ਸੈਨਿਕਾਂ ਨੇ ਮੂੰਹਤੋੜ ਜਵਾਬ ਨਾਲ ਅਸਫਲ ਕੀਤੀਆਂ ਹਨ। ਜਿਸ ਤਰ੍ਹਾਂ 1965 ਦੀ ਭਾਰਤ-ਪਾਕਿ ਜੰਗ ਵਿਚ ਲੈਫਟੀਨੈਂਟ ਜਨਰਲ ਹਰਬਖਸ਼ ਸਿੰਘ ਅਤੇ 1971 ਦੀ ਭਾਰਤ-ਪਾਕਿ ਜੰਗ ਵਿਚ ਜਨਰਲ ਜਗਜੀਤ ਸਿੰਘ ਅਰੋੜਾ ਦੀ ਅਹਿਮ ਭੂਮਿਕਾ ਨੂੰ ਸਾਰੀ ਦੁਨੀਆ ਜਾਣਦੀ ਹੈ ਠੀਕ ਇਸਦੇ ਉਲਟ ਅਜਿਹੇ ਇਕ ਹੋਰ ਆਰਮੀ ਸਿੱਖ ਅਫਸਰ ਅਤੇ ਯੁੱਧ ਰਣਨੀਤੀ ਦੇ ਮਾਹਰ ਅਤੇ ਜਾਂਬਾਜ ਫੌਜੀ ਅਫਸਰ ਬ੍ਰਿਗੇਡੀਅਰ ਪ੍ਰੀਤਮ ਸਿੰਘ ਦੀ ਇਕ ਵੱਡੇ ਖਿੱਤੇ ਪੁੰਛ ਨੂੰ ਪਾਕਿਸਤਾਨ ਦੇ ਕਬਜੇਂ ਵਿਚੋਂ ਛੁਡਵਾਉਣ ਲਈ ਲਗਭਗ ਇਕ ਸਾਲ ਤੱਕ ਲੜੀ ਲੰਬੀ ਲੜਾਈ ਬਾਰੇ ਬਹੁਤਾ ਕੁਝ ਸਾਹਮਣੇ ਨਹੀਂ ਆਇਆ। ਇਹ ਉਪਰਾਲਾ ਕੀਤਾ ਹੈ ਆਈ ਪਿਕਚਰ ਫਿਲ਼ਮ ਪ੍ਰੋਡਕਸ਼ਨ ਨੇ ਜਿਸਦੇ ਦੇ ਬੈਨਰ ਹੇਠ ਤਿਆਰ ਹੋਈ ਇਸ ਫਿਲਮ ' ਦਾ ਸੇਵੀਅਰ: ਬ੍ਰਿਗੇਡੀਅਰ ਪ੍ਰੀਤਮ ਸਿੰਘ" ਦੇ ਨਿਰਮਾਤਾ ਹਨ ਸ. ਕਰਨਵੀਰ ਸਿੰਘ ਸਿਵੀਆ ਜੋ ਬ੍ਰਿਗੇਡੀਅਰ ਪ੍ਰੀਤਮ ਸਿੰਘ ਜੀ ਦੀ ਜੀਵਨੀ ਸਬੰਧੀ ਤਿਆਰ ਹੋ ਰਹੀ ਪੁਸਤਕ ਦੇ ਲੇਖਕ ਵੀ ਹਨ। ਇਸ ਡਾਕੂ-ਡਰਾਮਾ ਦੇ ਲੇਖਕ ਅਤੇ ਨਿਰਦੇਸ਼ਕ ਹਨ, ਡਾ. ਪਰਮਜੀਤ ਸਿੰਘ ਕੱਟੂ ਅਤੇ ਸਹਿ ਸੰਪਾਦਕ ਹਨ ਜੈਸਲ ਚੌਹਾਨ ।

ਫਿਲ਼ਮ ਪ੍ਰੀਤਮ ਸਿੰਘ ਦੀਆਂ ਦੇਸ਼ ਨੂੰ , ਅਤੇ ਭਾਰਤੀ ਸੈਨਾ ਨੂੰ ਢੇਰ ਜੰਗੀ ਪ੍ਰਾਪਤੀਆਂ ਦਾ ਮਾਣ ਦਿਵਾਉਣ ਵਾਲੇ ਮਹਾਨਾਇਕ ਨੂੰ ਤੁੱਛ ਕਾਰਨਾਂ ਨੂੰ ਅਧਾਰ ਬਣਾ ਕੇ ਉਨਹਾਂ ਦਾ ਕੋਰਟ ਮਾਰਸ਼ਲ ਕਰ ਕੇ ਜ਼ਲੀਲ ਕਰਨ ਦੇ ਘਟਨਾਕ੍ਰਮ ਅਤੇ ਇਕ ਨਾਇਕ ਦੇ ਨਾਲ ਕੀਤੇ ਹੋਛੇ ਵਤੀਰੇ ਦੀਆਂ ਪਰਤਾਂ ਫਰੋਲਦੀ ਹੈ ਅਤੇ ਉਹ ਨਾਇਕ ਜੋ ਪੁੰਛ ਦੇ ਹਜਾਰਾਂ ਲੋਕਾਂ ਅਤੇ ਪੁੰਛ ਖਿੱਤੇ ਦਾ ਰਾਖਾ ਹੋਣ ਨਾਤੇ ਕੀ ਅਜਿਹੇ ਵਤੀਰੇ ਦਾ ਹੱਕਦਾਰ ਸੀ? ਅਜਿਹੇ ਕਈ ਸਵਾਲ ਹਨ ਜੋ ਇਸ ਫ਼ਿਲਮ ਨੇ ਉਠਾਉਣ ਦੀ ਕੋਸ਼ਿਸ਼ ਕੀਤੀ ਹੈ। ਇਹ ਮਹਾਨ ਜੰਗੀ ਨਾਇਕ ਬ੍ਰਿਗੇਡੀਅਰ ਪ੍ਰੀਤਮ ਸਿੰਘ 1975 ਵਿਚ ਆਪਣੇ ਪਿੰਡ ਦੇਹ ਕਲਾਂ (ਸੰਗਰੂਰ) ਵਿਖੇ ਇਸ ਵਿਤਕਰੇ ਅਤੇ ਬੇਇਨਸਾਫੀ ਭਰੀ ਕਾਰਵਾਈ ਦਾ ਦੁੱਖ ਆਪਣੇ ਸੀਨੇ ਵਿਚ ਲੈ ਕੇ




ਹੀ ਇਸ ਜਹਾਨ ਤੋਂ ਰੁਖਸਤ ਹੋ ਗਿਆ। ਉਸਦੇ ਕਈ ਸਾਥੀ ਅਫਸਰਾਂ ਨੇ ਉਸਨੂੰ ਇਨਸਾਫ ਦਿਵਾਉਣ ਲਈ ਯਤਨ ਵੀ ਕੀਤੇ। ਡਾਕੂ- ਡਰਾਮਾ ਅਤੇ ਉਨਹਾਂ ਬਾਰੇ ਰਚੀ ਜਾ ਰਹੀ ਇਕ ਪੁਸਤਕ ਦੀ ਸਿਰਜਣਾ ਦਾ ਮੰਤਵ ਵੀ ਉਸ ਨਾਇਕ ਨਾਲ ਹੋਈ ਵਧੀਕੀ ਵਿਰੁੱਧ ਉਸ ਨੂੰ ਇਨਸਾਫ ਦਿਵਾਉਣ ਦੀ ਇਕ ਹੋਰ ਪਹਿਲ ਕਰਨਾ ਹੈ। ਇਕ ਤੋਂ ਵੱਧ ਸਫਲ ਮਿਲਟਰੀ ਆਪਰੇਸ਼ਨਾਂ ਨੂੰ ਅੰਜਾਮ ਦੇ ਕੇ ਦੇਸ਼ ਦੀ ਪ੍ਰਭੂਸੱਤਾ ਅਤੇ ਵੱਕਾਰ ਨੂੰ ਕਾਇਮ ਰੱਖਣ ਵਾਲਾ ਬ੍ਰਿਗੇਡੀਅਰ ਪ੍ਰੀਤਮ ਸਿੰਘ ਦੀ ਦੇਸ਼ ਦੇ ਸੈਨਿਕ ਖੇਤਰ ਵਿਚ ਕੀਤੀ ਦੇਸ਼ ਘਾਲਣਾ ਮਿਸਾਲੀ ਹੈ ਅਤੇ ਮਨਸੂਬਾਵਸ ਉਨਹਾਂ ਨਾਲ ਵਰਤਾਏ ਇਸ ਕਾਂਡ ਤੋਂ ਪਰਦਾ ਚੁੱਕਣ ਦੀ ਮੰਗ ਦੇ ਯੋਗ ਹੈ।

ਪੰਜਾਬ ਦੇ ਇਤਿਹਾਸਕ ਪਿੰਡ ਦੀਨਾ ਸਾਹਿਬ ਵਿਖੇ ਜਨਮੇ ਬ੍ਰਿਗੇਡੀਅਰ ਪ੍ਰੀਤਮ ਸਿੰਘ ਬ੍ਰਿਟਿਸ਼ ਫੌਜ ਵਿਚ ਹੁੰਦਿਆਂ ਦੂਜੀ ਵਿਸ਼ਵ ਜੰਗ ਦੌਰਾਨ ਸਿੰਘਾਪੁਰ ਵਿਚ ਜਪਾਨੀਆਂ ਨਾਲ ਲੜਦੇ ਜੰਗੀ ਕੈਦੀ ਬਣਾ ਲਏ ਗਏ ਪਰ ਉਹ ਮਈ 1942 ਵਿਚ ਆਪਣੇ ਕੁਝ ਸਾਥੀਆਂ ਸਮੇਤ ਜਪਾਨੀਆਂ ਦੀ ਕੈਦ ਵਿਚੋਂ ਭੱਜਣ ਵਿਚ ਸਫਲ ਰਹੇ ਅਤੇ 6 ਮਹੀਨੇ ਦੇ ਅਰਸੇ ਵਿਚ ਮਲੇਸ਼ੀਆ, ਥਾਈਲੈਂਡ ਅਤੇ ਬਰਮਾ ਦੇ ਜੰਗਲਾਂ ਅਤੇ ਪਹਾੜਾਂ ਨੂੰ ਪਾਰ ਕਰਦੇ ਮਨੀਪੁਰ ਦੀ ਸਰਹੱਦ ਰਾਹੀਂ ਭਾਰਤ ਪਹੁੰਚੇ ਤਾਂ ਆਪ ਨੂੰ ਇਸ ਬਹਾਦਰੀ ਅਤੇ ਅਦਭੁਤ ਬਚਾਅ ਸਦਕਾ ਵੱਕਾਰੀ ਸਨਮਾਨ 'ਮਿਲਟਰੀ ਕਰਾਸ' ਨਾਲ ਸਨਮਾਨਤ ਕੀਤਾ ਗਿਆ।

ਦੇਸ਼ ਵੰਡ ਵਾਲੇ ਸਾਲ 1947 ਨੂੰ ਪਾਕਿਸਤਾਨ ਨੇ ਕਸ਼ਮੀਰ ਨੂੰ ਹਥਿਆਉਣ ਲਈ ਕਬਾਇਲੀ ਲੜਾਕਿਆਂ ਨਾਲ ਜੋ ਉੜੀ ਰਾਹੀ ਸ਼ਾਲਟਾਂਗ ਖੇਤਰ ਵਿਚ ਘੁਸੇ ਸਨ , ਲੈਫ ਕਲ. ਪ੍ਰੀਤਮ ਸਿੰਘ ਦੀ ਜੰਗੀ ਸੂਝ ਅਤੇ ਅਦਭੁੱਤ ਹੌਸਲੇ ਅਤੇ ਸਮਰੱਥ ਸੈਨਿਕ ਅਗਵਾਈ ਸਦਕਾ ਕਬਾਇਲੀ ਉੜੀ ਤੱਕ ਪਿਛੇ ਧੱਕੇ ਗਏ। ਇਹੀ ਸੈਨਕ ਸਫਲਤਾ ਪ੍ਰੀਤਮ ਸਿੰਘ ਲਈ ਪਾਕਿ ਵਲੋਂ ਇਕ ਹੋਰ ਖਿੱਤੇ ਪੁੰਛ 'ਤੇ ਕਬਜੇ ਦੌਰਾਨ ਉਨ੍ਹਾਂ ਨੂੰ ਸਾਲ ਭਰ ਲੰਬੀ ਲੜਾਈ ਮਗਰੋਂ ਖਦੇੜਨ ਅਤੇ ਪੁੰਛ ਖਿੱਤੇ ਨੂੰ ਹਜਾਰਾਂ ਨਾਗਰਿਕਾਂ ਸਮੇਤ ਬਚਾਉਣ ਦਾ ਅਧਾਰ ਬਣੀ। ਉਨ੍ਹਾਂ ਦੀ ਇਸੇ ਬਹਾਦਰੀ ਨੂੰ ਵੇਖਦਿਆਂ ਉਨਹਾਂ 'ਤੇ ਪੁੰਛ ਨੂੰ ਬਚਾਉਣ ਦੀ ਜਿੰਮੇਵਾਰੀ ਸੁੱਟੀ ਗਈ। ਤਿੰਨ ਪਾਸਿਓਂ ਪਹਾੜੀਆਂ ਨਾਲ ਘਿਰੇ ਪੁੰਛ ਨੂੰ ਪਾਕਿਸਤਾਨੀ ਫੌਜ ਨੇ ਘੇਰ ਲਿਆ ਸੀ। ਪੁੰਛ ਦੀ 10 ਹਜਾਰ ਦੀ ਅਬਾਦੀ ਨਾਲੋਂ ਤਿੱਗਣੇ ਕਬਾਇਲੀ ਵੀ ਪੁੰਛ ਵਿਚ ਘੁਸ ਆਏ ਸਨ। ਇਲਾਕੇ ਵਿਚ ਦੰਗਿਆਂ ਦੇ ਖਦਸ਼ੇ, ਰਸਦ, ਫੌਜ ਅਤੇ ਹਥਿਆਰਾਂ ਦੀ ਥੁੜ੍ਹ ਨਾਲ ਸਿੱਝਣ ਦੇ ਨਾਲ ਨਾਲ ਪੁੰਛ ਨੂੰ ਸੁੱਰਖਿਅਤ ਰੱਖਣ ਦੀਆਂ ਸਭ ਜਿੰਮੇਵਾਰੀਆਂ ਇਸ ਜਾਂਬਾਜ ਅਫਸਰ ਦੇ ਸਿਰ 'ਤੇ ਸਨ ਪਰ ਬ੍ਰਿਗੇਡੀਅਰ ਪ੍ਰੀਤਮ ਸਿੰਘ ਨੇ ਸਥਾਨਕ ਨਾਗਰਿਕਾਂ ਨੂੰ ਫੌਜ ਦੀ ਤਾਕਤ ਬਣਨ ਲਈ ਪ੍ਰੇਰਿਆ, ਉਨਹਾਂ ਨੂੰ ਫੌਜ ਦੇ ਸਾਥ ਵਜੋਂ ਦੁਸ਼ਮਣ ਨਾਲ ਲੜਾਈ ਲੜਨ ਲਈ ਖੜਿਆਂ ਕੀਤਾ ਅਤੇ ਦੇਸ਼ ਤੋਂ ਲਗਭਗ ਕੱਟ ਚੁੱਕੇ ਪੁੰਛ ਨੂੰ ਹਵਾਈ ਲਿੰਕ ਦੇਣ ਲਈ ਲੋਕਾਂ ਦੀ ਮਦਦ ਨਾਲ ਕੁਝ ਦਿਨਾਂ ਵਿਚ ਹੀ ਰਨਵੇਅ ਪੱਟੀ ਤਿਆਰ ਕੀਤੀ ਜਿਸ ਨਾਲ ਭਾਰਤੀ ਸੈਨਾਂ ਦੀ ਸਪਲਾਈ ਇਸ ਖਿੱਤੇ ਨਾਲ ਮੁੜ ਜੁੜ ਸਕੀ। ਨਵੰਬਰ 1947 ਤੋਂ ਨਵੰਬਰ 1948 ਤੱਕ ਇਕ ਸਾਲ ਦੇ ਸਮੇਂ ਵਿਚ ਉਨਹਾਂ ਪੁੰਛ ਸਮੇਤ ਮੇਂਢਰ ਅਤੇ ਰਾਜੌਰੀ ਦੇ ਕੁਝ ਹਿੱਸੇ ਨੂੰ ਪਾਕਿ ਫੌਜ ਅਤੇ ਕਬਾਇਲੀਆਂ ਤੋਂ ਮੁਕਤ ਕਰਵਾ ਲਿਆ ਸੀ। ਇਸ ਤਰ੍ਹਾਂ ਬ੍ਰਿਗੇਡੀਅਰ ਪ੍ਰੀਤਮ ਸਿੰਘ ਦੀਆਂ ਦੇਸ਼ ਸੇਵਾ ਵਿਚ ਵੱਡਮੁੱਲੀ ਦੇਣ ਨੂੰ ਘਟੀਆ ਕਿਸਮ ਦੇ ਦੋਸ਼ਾਂ ਨਾਲ ਗ੍ਰਹਿਣ ਦੀ ਜੋ ਸਾਜ਼ਿਸ਼ ਹੋਈ ਹੈ, ਆਸ ਹੈ ਇਕ ਦਸਤਾਵੇਜੀ ਫ਼ਿਲਮ ਉਸ ਦੀਆਂ ਪਰਤਾਂ ਵੀ ਖੋਹਲੇਗੀ। ਫ਼ਿਲਮ ਦਾ ਪ੍ਰੀਮੀਅਰ 21 ਜਨਵਰੀ ਨੂੰ ਪੀ ਵੀ ਆਰ ਸੈਂਟਰਲ ਮਾਲ, ਚੰਡੀਗੜ੍ਹ ਵਿਖੇ ਸ਼ਾਮੀ 5 ਵਜੇ ਤੋਂ 7 ਵਜੇ ਤੱਕ ਹੋਣ ਜਾ ਰਿਹਾ ਹੈ।

# ਕੌਮ ਦੀ ਚੜ੍ਹਦੀਕਲਾ ਲਈ ਵਿਦਵਾਨਾਂ ਦਾ ਸਨਮਾਨ ਸਤਿਕਾਰ ਜ਼ਰੂਰੀ : ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ

***ਸ੍ਰੀ ਪਟਨਾ ਸਾਹਿਬ ਵਿਖੇ ਪ੍ਰਕਾਸ਼ ਗੁਰਪੁਰਬ ਮੌਕੇ ਕਵੀ ਦਰਬਾਰ ਦੀ ਆਰੰਭਤਾ ਮੌਕੇ ਲਵਾਈ ਹਾਜ਼ਰੀ**

ਪਟਨਾ ਸਾਹਿਬ ( ਬਿਹਾਰ) 19 ਜਨਵਰੀ (ਗਿਆਨ ਸਿੰਘ) ਤਖ਼ਤ ਸ੍ਰੀ ਹਰਿਮੰਦਰ ਜੀ ਸ੍ਰੀ ਪਟਨਾ ਸਾਹਿਬ ਬਿਹਾਰ ਵਿਖੇ ਧੰਨ ਧੰਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ 554ਵੇਂ ਪ੍ਰਕਾਸ਼ ਗੁਰਪੁਰਬ ਮਨਾਉਣ ਪਹੁੰਚੇ ਦਮਦਮੀ ਟਕਸਾਲ ਦੇ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਨੇ ਕਵੀ ਦਰਬਾਰ ਦੀ ਆਰੰਭਤਾ ਮੌਕੇ ਹਾਜ਼ਰੀ ਭਰਦਿਆਂ ਕਿਹਾ ਕਿ ਸਾਨੂੰ ਪੰਥ ਦੇ ਵਿੱਦਿਆਦਾਨੀਆਂ ਅਤੇ ਵਿਦਵਾਨਾਂ ਨੂੰ ਅਜਿਹਾ ਸਨਮਾਨ ਸਤਿਕਾਰ ਦੇਣਾ ਚਾਹੀਦਾ ਹੈ ਜਿਸ ਨੂੰ ਦੇਖ ਹੋਰਨਾਂ ਧਰਮਾਂ ਦੇ ਵਿਦਵਾਨ ਵੀ ਸਿੱਖ ਪੰਥ ਦੀ ਮੁਖਧਾਰਾ ਵਿਚ ਪ੍ਰਵੇਸ਼ ਪਾਉਣ ਲਈ ਉਤਾਵਲੇ ਹੋਣ। ਪ੍ਰੋ: ਸਰਚਾਂਦ ਸਿੰਘ ਵੱਲੋਂ ਦਿੱਤੀ ਗਈ ਜਾਣਕਾਰੀ 'ਚ ਦਮਦਮੀ ਟਕਸਾਲ ਦੇ ਮੁਖੀ ਨੇ ਕਿਹਾ ਕਿ ਜਿਹੜੀਆਂ ਕੌਮਾਂ ਆਪਣੇ ਵਿਦਵਾਨਾਂ ਦਾ ਸਤਿਕਾਰ ਨਹੀਂ ਕਰਦੀਆਂ ਉਹ ਕੌਮਾਂ ਦੁਨੀਆ 'ਚ ਕਦੀ ਵੀ ਸਫਲਤਾ ਅਤੇ ਉੱਚੇ ਮੁਕਾਮ ਨੂੰ ਹਾਸਲ ਨਹੀਂ ਕਰ ਪਾਉਂਦੀਆਂ ਹਨ। ਉਨ੍ਹਾਂ ਕਿਹਾ ਕਿ ਸ੍ਰੀ ਦਸਮੇਸ਼ ਪਿਤਾ ਜੀ ਆਪ ਇਕ ਉੱਚਕੋਟੀ ਦੇ ਵਿਦਵਾਨ ਸਨ ਉੱਥੇ ਹੀ ਵਿਦਵਾਨਾਂ ਅਤੇ ਕਵੀਆਂ ਦੇ ਵੱਡੇ ਕਦਰਦਾਨ ਵੀ ਸਨ ਕਿ ਭਾਈ ਨੰਦ ਲਾਲ ਜੀ ਵਰਗੇ ਦਿਲੀ ਦਰਬਾਰ ਦੇ ਵੱਡੇ ਵੱਡੇ ਵਿਦਵਾਨ ਅਤੇ ਕਵੀ ਸ੍ਰੀ ਅਨੰਦਪੁਰ ਸਾਹਿਬ ਕੇ ਆਪ ਜੀ ਦੇ ਦਰਬਾਰ ਦੀ ਸੋਭਾ ਬਣਨ ਅਤੇ ਸਮਰਪਿਤ ਹੋਣ 'ਚ ਮਾਣ ਮਹਿਸੂਸ ਕਰਦੇ ਸਨ। ਸਤਿਗੁਰਾਂ ਨੇ ਸਾਨੂੰ ਵਿਦਵਾਨਾਂ ਕਵੀਆਂ ਤੇ ਪ੍ਰਚਾਰਕਾਂ ਦਾ ਸਤਿਕ-ਾਰ ਕਰਨਾ ਸਿਖਾਇਆ ਪਰ ਅਫ਼ਸੋਸ ਕਿ ਅੱਜ



ਅਸੀਂ ਪੰਥ ਦੇ ਉੱਚਕੋਟੀ ਦੇ ਵਿਦਵਾਨਾਂ, ਕਵੀਆਂ, ਰਾਗੀ ਢਾਡੀਆਂ, ਗ੍ਰੰਥੀ ਸਿੰਘਾਂ ਅਤੇ ਪ੍ਰਚਾਰਕਾਂ ਦਾ ਸਤਿਕਾਰ ਕਰਨ ਦੀ ਪਰੰਪਰਾ ਨੂੰ ਛੱਡਦੇ ਜਾ ਰਹੇ ਹਾਂ। ਉਨ੍ਹਾਂ ਗੁਰਬਾਣੀ ਦੇ ਹਵਾਲੇ ਨਾਲ ਕਿਹਾ ਕਿ ਅਕਾਲ ਪੁਰਖ ਦੀ ਕਿਰਪਾ ਨਾਲ ਗੂੰਗਾ ਵਿਅਕਤੀ ਵੀ ਕਾਵਿ ਰਚਨਾ ਕਰਨ ਅਤੇ ਬੋਲਣ ਪ੍ਰਤੀ ਬਖਸ਼ਿਸ਼ ਦਾ ਪਾਤਰ ਬਣ ਜਾਂਦਾ ਹੈ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਦੀ ਮਿਹਰ ਸਦਕਾ ਗੁਰੂ ਦਰਬਾਰ ਦੇ ਘਾਹੀ ਵੀ ਸਿੱਖ ਪੰਥ ਦੇ ਉੱਚਕੋਟੀ ਦੇ ਵਿਦ-ਵਾਨ ਹੋਏ ਹਨ, ਜਿਨ੍ਹਾਂ ਅੱਗੇ ਚੰਦਨ ਵਰਗੇ ਉੱਚਕੋਟੀ ਦੇ ਵਿਦਵਾਨ ਵੀ ਫਿੱਕੇ ਪੈ ਗਏ ਸਨ। ਉਨ੍ਹਾਂ ਦੱਸਿਆ ਕਿ ਗੁਰੂ ਪੰਥ ਦਾ ਚੂੜਾਮਨੀ ਮਹਾਂਕਵੀ ਭਾਈ ਸੰਤੋਖ ਸਿੰਘ ਨੇ ਕਾਵਿ ਰੂਪ 'ਚ ਅਜਿਹਾ ਵਿਸ਼ਾਲ ਗੁਰ ਇਤਿਹਾਸ ਲਿਖਿਆ, ਜਿਸ ਵਰਗਾ ਦੁਨੀਆ 'ਚ ਕਿਸੇ ਹੋਰ ਕਵੀ ਨੇ ਸਿਰਜਣਾ ਨਹੀਂ ਕੀਤੀ। ਉਨ੍ਹਾਂ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਣਜੀਤ ਸਿੰਘ ਗ਼ੌਰ ਏ ਮਸਕੀਨ ਦੀ ਪੰਥ ਪ੍ਰਤੀ ਸੇਵਾਵਾਂ ਦੀ ਸ਼ਲਾਘਾ ਕੀਤੀ। ਇਸ ਮੌਕੇ ਉਨ੍ਹਾਂ ਨਾਲ ਸੰਤ ਬਾਬਾ ਪ੍ਰਦੀਪ ਸਿੰਘ ਬੋਰੇ ਵਾਲ ਵਾਲੇ ਵੀ ਮੌਜੂਦ ਸਨ।

# ਕਿਸਾਨ ਨੌਜਵਾਨਾਂ ਦੀ ਹਿਮਾਚਲ ਸਰਕਾਰ ਵੱਲੋਂ ਗ੍ਰਿਫਤਾਰੀ ਸੰਵਿਧਾਨਕ ਤੇ ਜਮਹੂਰੀ ਹੱਕਾਂ 'ਤੇ ਹਮਲਾ: ਰਾਣਾ ਸੋਢੀ

ਚੰਡੀਗੜ੍ਹ, 19 ਜਨਵਰੀ (ਗਿਆਨ ਸਿੰਘ) ਪੰਜਾਬ ਦੇ ਖੇਡ ਅਤੇ ਯੁਵਕ ਸੇਵਾਵਾਂ ਬਾਰੇ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ ਨੇ ਸ਼ਿਮਲਾ ਪੁਲਿਸ ਵੱਲੋਂ ਕਿਸਾਨਾਂ ਦੇ ਹੱਕ ਵਿਚ ਸ਼ਾਂਤਮਈ ਤਰੀਕੇ ਨਾਲ ਆਵਾਜ ਬੁਲੰਦ ਕਰ ਰਹੇ ਪੰਜਾਬ ਦੇ ਨੌਜਵਾਨਾਂ ਨੂੰ ਗ੍ਰਿਫਤਾਰ ਕਰਨ ਦੀ ਕਾਰਵਾਈ ਨੂੰ ਸੰਵਿਧਾਨਕ ਅਤੇ ਜਮਹੂਰੀ ਹੱਕਾਂ 'ਤੇ ਹਮਲਾ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਹ ਗ੍ਰਿਫਤਾਰੀ ਸਿੱਧੇ ਤੌਰ 'ਤੇ ਭਾਜਪਾ ਦੇ ਮੁੱਖ ਮੰਤਰੀ ਜੈ ਰਾਮ ਠਾਕੁਰ ਦੇ ਇਸ਼ਾਰੇ 'ਤੇ ਕੀਤੀ ਗਈ ਹੈ।



ਇੱਥੇ ਜਾਰੀ ਬਿਆਨ ਵਿਚ ਰਾਣਾ ਸੋਢੀ ਨੇ ਕਿਹਾ ਕਿ ਪਿਛਲੇ ਦਿਨੀਂ ਸੁਪਰੀਮ ਕੋਰਟ ਵਲੋਂ ਦਿੱਲੀ ਵਿਖੇ ਕਿਸਾਨੀ ਧਰਨਿਆਂ ਸਬੰਧੀ ਸੁਣਵਾਈ ਦੌਰਾਨ ਸ਼ਾਂਤਮਈ ਤਰੀਕੇ ਨਾਲ ਪ੍ਰਦਰਸ਼ਨ ਕਰਨ ਨੂੰ ਲੋਕਾਂ ਦਾ ਜਮਹੂਰੀ ਹੱਕ ਕਰਾਰ ਦਿੱਤਾ ਗਿਆ ਸੀ ਪਰ ਇਸ ਦੇ ਬਾਵਜੂਦ ਘਬਰਾਈ ਹੋਈ ਹਿਮਾਚਲ ਪ੍ਰਦੇਸ਼ ਸਰਕਾਰ ਗੈਰ ਸੰਵਿਧਾਨਕ ਢੰਗ ਤਰੀਕੇ ਅਪਣਾ ਕੇ ਕੇਂਦਰ ਦੀ ਮੋਦੀ ਸਰਕਾਰ ਨੂੰ ਖੁਸ਼ ਕਰ ਰਹੀ ਹੈ।

ਸ਼ਾਂਤਮਈ ਪ੍ਰਦਰਸ਼ਨ ਕਰ ਰਹੇ ਨੌਜਵਾਨਾਂ ਨੂੰ ਗ੍ਰਿਫਤਾਰ ਕਰਨ ਦੀ ਕਰੜੀ ਨਿੰਦਾ ਕਰਦਿਆਂ ਰਾਣਾ ਸੋਢੀ ਨੇ ਕਿਹਾ ਕਿ ਨੌਜਵਾਨਾਂ ਨੇ ਕਿਸੇ ਵੀ ਕਾਨੂੰਨ ਦਾ ਉਲੰਘਣ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਭਾਰਤ ਵਿੱਚ ਸੰਵਿਧਾਨ ਤਹਿਤ ਹਰੇਕ ਵਿਅਕਤੀ ਨੂੰ ਬੋਲਣ, ਸੋਚਣ ਅਤੇ ਕੰਮ ਕਰਨ ਦੀ ਆਜ਼ਾਦੀ ਅਤੇ ਹੱਕ ਹੈ।

ਕੈਬਨਿਟ ਮੰਤਰੀ ਨੇ ਕਿਹਾ ਕਿ ਇਸ ਤੋਂ ਪਹਿਲਾਂ ਕੇਂਦਰ ਸਰਕਾਰ ਦੇ ਇਸ਼ਾਰੇ 'ਤੇ ਹਰਿਆਣਾ ਸਰਕਾਰ ਨੇ ਵੀ ਕਿਸਾਨਾਂ ਨੂੰ ਰੋਕਣ ਲਈ ਦਮਨਕਾਰੀ ਕਦਮ ਚੁੱਕੇ ਸਨ ਪਰ ਉਸ ਨੂੰ ਮੂੰਹ ਦੀ ਖਾਣੀ ਪਈ ਸੀ।

ਰਾਣਾ ਸੋਢੀ ਨੇ ਕਿਹਾ ਕਿ ਲੋਕ ਰੋਹ ਮੂਹਰੇ ਕੇਂਦਰ ਸਰਕਾਰ ਨੂੰ ਝੁਕਣਾ ਪਵੇਗਾ ਅਤੇ ਕਿਸਾਨਾਂ ਦੀਆਂ ਮੰਗਾਂ ਮੰਨਣੀਆਂ ਪੈਣਗੀਆਂ।

# ਕਿਸ਼ਾਨ ਸ਼ਕਤੀ ਵਿਚ ਭਾਜਪਾ ਦਾ ਸਫਾਇਆ ਕਰਨ ਦੀ ਤਾਕਤ : ਸੁਖਬੀਰ ਸਿੰਘ ਬਾਦਲ

***ਕਿਹਾ, ਅਕਾਲੀ ਦਲ ਆਉਂਦੇ ਸੰਸਦੀ ਇਜਲਾਸ ਦੌਰਾਨ ਹਮਖਿਆਲੀ ਪਾਰਟੀਆਂ ਤੱਕ ਪਹੁੰਚ ਕਰੇਗਾ**

ਸ਼ਹੀਦ ਭਗਤ ਸਿੰਘ ਨਗਰ, 19 ਜਨਵਰੀ : ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ ਨੇ ਅੱਜ ਕਿਹਾ ਕਿ ਕਿਸਾਨ ਸ਼ਕਤੀ ਵਿਚ ਭਾਜਪਾ ਦਾ ਸਫਾਇਆ ਕਰਨ ਦੀ ਤਾਕਤ ਹੈ ਤੇ ਉਹਨਾਂ ਕਿਹਾ ਕਿ ਕੇਂਦਰ ਸਰਕਾਰ ਕਿਸਾਨਾਂ ਪ੍ਰਤੀ ਸੰਜੀਦਾ ਨਹੀਂ ਹੈ ਤੇ ਉਹਨਾਂ ਜ਼ੋਰ ਦੇ ਕੇ ਕਿਹਾ ਕਿ ਸੁਪਰੀਮ ਕੋਰਟ ਵੱਲੋਂ ਬਣਾਈ ਤਿੰਨ ਮੈਂਬਰੀ ਕਮੇਟੀ ਮੌਜੂਦਾ ਸੰਕਟ ਨੂੰ ਹੱਲ ਕਰਨ ਵਿਚ ਕੋਈ ਉਸਾਰੂ ਭੂਮਿਕਾ ਅਦਾ ਨਹੀਂ ਕਰ ਸਕਦੀ ਕਿਉਂਕਿ ਕੇਂਦਰ ਸਰਕਾਰ ਨੇ ਤਿੰਨ ਖੇਤੀ ਕਾਨੂੰਨ ਖਾਰਜ ਕਰਨ ਤੋਂ ਨਾਂਹ ਕਰ ਦਿੱਤੀ ਹੈ।



ਨਵਾਂਸ਼ਹਿਰ, ਬੰਗਾ ਤੇ ਫਗਵਾੜਾ ਵਿਚ ਵਾਰਡ ਵਾਰ ਮੀਟਿੰਗਾਂ ਕਰਨ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਅਕਾਲੀ ਦਲ ਸੰਸਦ ਦੇ ਆਉਦੇ ਇਜਲਾਸ ਦੀ ਵਰਤੋਂ ਹਮ ਖਿਆਲੀ ਪਾਰਟੀਆਂ ਨਾਲ ਮੀਟਿੰਗਾਂ ਕਰਨ ਵਾਸਤੇ ਕਰੇਗਾ ਤਾਂ ਜੋ ਦੇਸ਼ ਵਿਚ ਅਸਲ ਸੰਘੀ ਢਾਂਚਾ ਬਹਾਲ ਕਰਨ ਲਈ ਕੰਮ ਕੀਤਾ ਜਾ ਸਕੇ। ਉਹਨਾਂ ਨੇ ਭਾਜਪਾ ਸਰਕਾਰ ਨੂੰ ਇਹ ਵੀ ਆਖਿਆ ਕਿ ਉਹਕੌਮੀ ਜਾਂਚ ਏਜੰਸੀ (ਐਨ ਆਈ ਏ) ਨੂੰ ਕਿਸਾਨ ਆਗੂਆਂ ਖਿਲਾਫ ਨਾ ਵਰਤੇ ਤੇ ਕਿਹਾ ਕਿ ਐਨ ਆਈ ਏ ਦੀ ਵਰਤੋਂ ਅਤਿਵਾਦ ਦੇ ਖਿਲਾਫ ਹੁੰਦੀ ਹੈ ਨਾ ਕਿ ਇਸਦੀ ਦੁਰਵਰਤੋਂ ਕੀਤੀ ਜਾਣੀ ਚਾਹੀਦੀ ਹੈ।

ਸ੍ਰੀ ਸੁਖਬੀਰ ਸਿੰਘ ਬਾਦਲ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਵੀ ਕਰੜੇ ਹੱਥੀਂ ਲਿਆ ਅਤੇ ਕਿਹਾ ਕਿ ਇਕ ਆਜ਼ਾਦ ਏਜੰਸੀਵ ੱਲੋਂ ਕਰਵਾਏ ਗਏ ਸਰਵੇਖਣ ਵਿਚ ਮੁੱਖ ਮੰਤਰੀ ਨੂੰ ਸੂਬੇ ਦੇ ਇਤਿਹਾਸ ਵਿਚ ਹੁਣ ਤੱਕ ਦਾ ਸਭ ਤੋਂ ਮਾੜਾ ਮੁੱਖ ਮੰਤਰੀ ਪਾਇਆ ਗਿਆ ਹੈ। ਉਹਨਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਦੇ ਹੱਕ ਵਿਚ ਸਿਰਫ 9 ਫੀਸਦੀ ਲੋਕਾਂ ਨੇ ਵੋਟ ਦਿੱਤੀ ਜਦਕਿ 91 ਫੀਸਦੀ ਨੇ ਉਹਨਾਂ ਨੂੰ ਠੁਕਰਾ ਦਿੱਤਾ ਹੈ। ਉਹਨਾਂ ਕਿਹਾ ਕਿ ਅਗਲੇ ਇਕ ਸਾਲ ਦੌਰਾਨ ਕੈਪਟਨ ਅਮਰਿੰਦਰ ਸਿੰਘ 100 ਫੀਸਦੀ ਨਕਾਰੇ ਜਾਣ ਦਾ ਮਾਣ ਹਾਸਲ ਕਰ ਲੈਣਗੇ।

ਮਿਉਸਪਲ ਚੋਣਾਂ ਦੀ ਗੱਲ ਕਰਦਿਆਂ ਸ੍ਰੀ ਬਾਦਲ ਨੇ ਕਿਹਾ ਕਿ ਕਾਂਗਰਸੀ ਵਿਧਾਇਕ ਤੇ ਅਫਸਰ ਜੋ ਵਿਰੋਧੀ ਧਿਰ ਨਾਲ ਿ ਵਤਕਰਾ ਕਰ ਰਹੇ ਹਨ ਅਤੇ ਉਹਨਾਂ ਖਿਲਾਫ ਝੂਠੇ ਕੇਸ ਵੀ ਦਰਜ ਕਰ ਰਹੇ ਹਨ, ਨੂੰ 2022 ਵਿਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਦੇ ਸੱਤਾ ਸੰਭਾਲਦੇ ਹੀ ਇਸਦਾ ਹਰਜਨਾ ਭੁਗਤਣਾ ਪਵੇਗਾ। ਉਹਨਾਂ ਕਿਾ ਕਿ ਇਕ ਵਾਰ ਸੱਤਾ ਸੰਭਾਲਣ ਮਗਰੋਂ ਅਸੀਂ ਇਕ ਜੁਡੀਸ਼ੀਅਲ ਕਮਿਸ਼ਨ ਗਠਿਤ ਕਰਾਂਗੇ ਤੇ ਉਸਨੂੰ ਅਫਸਰਾਂ ਵੱਲੋਂ ਦਰਜ ਕੀਤੇ ਝੂਠੇ ਕੇਸਾਂ ਬਾਰੇ ਰਿਪੋਰਟ ਤਿੰਨ ਮਹੀਨਿਆਂ ਦੇ ਅੰਦਰ ਅੰਦਰ ਦੇਣ ਵਾਸਤੇ ਕਹਾਂਗੇ ਤੇ ਅਜਿਹੇ ਅਫਸਰਾਂ ਖਿਲਾਫ ਫੌਰੀ ਕਾਰਵਾਈ ਕੀਤੀ ਜਾਵੇਗੀ। ਉਹਨਾਂ ਨੇ ਅਫਸਰਾਂ ਨੂੰ ਵੀ ਚੇਤਾਵਨੀ ਦਿੱਤੀ ਕਿ ਉਹ ਵੋਟਰਾਂ ਦੀ ਰਜਿਸਟਰੇਸ਼ਨ ਵਿਚ ਕਿਸੇ ਵੀ ਕੁਤਾਹੀ ਤੋਂ ਗੁਰੇਜ਼ ਕਰਨ ਅਤੇ ਕਿਹਾ ਕਿ ਅਕਾਲੀ ਦਲ ਦੇ ਸੱਤਾ ਵਿਚ ਆਉਣ 'ਤੇ ਉਹਨਾਂ ਨੂੰ ਵੀ ਜਵਾਬਦੇਹ ਬਣਾਇਆ ਜਾਵੇਗਾ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ, ਜਿਹਨਾਂ ਦੇ ਨਾਲ ਸੀਨੀਅਰ ਆਗੂ ਸੋਹਣ ਸਿੰਘ ਠੰਢਲ ਤੇ ਡਾ. ਦਲਜੀਤ ਸਿੰਘ ਚੀਮਾ ਵੀ ਸਨ, ਪਿੰਡ ਕਰੀਮਪੁਰ ਧਿਆਣੀ ਵਿਚ ਚੌਧਰੀ ਨੰਦ ਲਾਲ ਦੇ ਘਰ ਵੀ ਗਏ ਜਿਹਨਾਂ ਦੇ ਵੱਡੇ ਸਪੁੱਤਰ ਰਾਮ ਪਾਲ ਦਾ ਹਾਲ ਹੀ ਵਿਚ ਦਿਹਾਂਤ ਹੋ ਗਿਆ ਸੀ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਡਾ. ਸੁਖਵਿੰਦਰ ਸਿੰਘ ਸੁੱਖੀ, ਜਰਨੈਲ ਸਿੰਘ ਵਾਹਿਦ, ਸਰਵਣ ਸਿੰਘ ਕੁਲਾਰ, ਬਲਦੇਵ ਸਿੰਘ ਖਹਿਰਾ ਅਤੇ ਬੁੱਧ ਸਿੰਘ ਬਲਾਕੀਪੁਰ ਵੀ ਹਾਜ਼ਰ ਸਨ।

ਖਿੜਕੀਆਂ ਅਤੇ ਦਰਵਾਜੇ ਲਗਵਾਓ
Free Estimates




ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼,
ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼,
ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ,
ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN
GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224

# ਕਈ ਗੱਡੀਆਂ ਦੀ ਟੱਕਰ ਵਿੱਚ ਇੱਕ ਹਲਾਕ, 2 ਜ਼ਖ਼ਮੀ




ਟੋਰਾਂਟੋ, 19 ਜਨਵਰੀ (ਪੋਸਟ ਬਿਊਰੋ) : ਕਿਪਲਿੰਗ ਐਵਨਿਊ ਤੇ ਰੈਕਸਡੇਲ ਬੋਲੀਵੀਆਰਡ ਨੇੜੇ ਕਈ ਗੱਡੀਆਂ ਵਿਚਾਲੇ ਹੋਈ ਟੱਕਰ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ ਤੇ ਦੋ ਹੋਰ ਜ਼ਖ਼ਮੀ ਹੋ ਗਏ। ਮੰਗਲਵਾਰ ਦੁਪਹਿਰ ਨੂੰ ਹਾਈਵੇਅ 409 ਦੇ ਉੱਤਰ ਵੱਲ ਹੋਏ ਇਸ ਹਾਦਸੇ ਦੀ ਜਾਣਕਾਰੀ ਮਿਲਣ ਤੋਂ ਬਾਅਦ ਕਿਪਲਿੰਗ ਤੇ ਬੈਲਫੀਲਡ ਰੋਡ ਉੱਤੇ ਟੋਰਾਂਟੋ ਪੁਲਿਸ ਪਹੁੰਚੀ। ਅਜੇ ਤੱਕ ਇਹ ਪਤਾ ਨਹੀਂ ਲੱਗ ਸਕਿਆ ਕਿ ਇਹ ਹਾਦਸਾ ਕਿਵੇਂ ਹੋਇਆ। ਇੱਕ ਵਿਅਕਤੀ, ਜੋ ਕਿ ਆਪਣੇ 70ਵਿਆਂ ਵਿੱਚ ਸੀ, ਨੂੰ ਨਾਜ਼ੁਕ ਹਾਲਤ ਵਿੱਚ ਟਰੌਮਾ ਸੈਂਟਰ ਲਿਜਾਇਆ ਗਿਆ। ਬਾਅਦ ਵਿੱਚ ਜ਼ਖ਼ਮਾਂ ਦੀ ਤਾਬ ਨਾ ਸਹਾਰਦਿਆਂ ਹੋਇਆਂ ਉਹ ਹਸਪਤਾਲ ਵਿੱਚ ਦਮ ਤੋੜ ਗਿਆ। ਇੱਕ ਮਹਿਲਾ, ਜੋ ਕਿ ਆਪਣੇ 60ਵਿਆਂ ਵਿੱਚ ਸੀ, ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ।

ਇੱਕ ਹੋਰ ਵਿਅਕਤੀ ਨੂੰ ਵੀ ਇਸ ਹਾਦਸੇ ਵਿੱਚ ਮਾਮੂਲੀ ਸੱਟਾਂ ਲੱਗੀਆਂ ਤੇ ਉਸ ਨੂੰ ਇਲਾਜ ਲਈ ਲੋਕਲ ਹਸਪਤਾਲ ਲਿਜਾਇਆ ਗਿਆ। ਚੌਥੇ ਵਿਅਕਤੀ ਦੀ ਮੌਕੇ ਉੱਤੇ ਹੀ ਜਾਂਚ ਕਰ ਦਿੱਤੀ ਗਈ।

# ਜੀਪ ਦੀ ਭਿਆਨਕ ਟੱਕਰ ਨਾਲ ਮੋਟਰ ਸਾਈਕਲ ਸਵਾਰ ਤਿੰਨ ਨੌਜਵਾਨਾਂ ਦੀ ਮੌਤ

ਸਮਾਣਾ, 19 ਜਨਵਰੀ (ਪੋਸਟ ਬਿਊਰੋ)- ਕੱਲ੍ਹ ਸ਼ਾਮ ਸਮਾਣਾ-ਪਟਿਆਲਾ ਸੜਕ ’ਤੇ ਪਿੰਡ ਢੈਂਠਲ ਨੇੜੇ ਇੱਕ ਜੀਪ ਅਤੇ ਮੋਟਰਸਾਈਕਲ ਦੀ ਟੱਕਰ ’ਚ ਮੋਟਰਸਾਈਕਲ ਸਵਾਰ ਚਾਰ ਜਣਿਆਂ ’ਚੋਂ ਤਿੰਨ ਨੌਜਵਾਨਾਂ ਦੀ ਮੌਕੇ ’ਤੇ ਮੌਤ ਹੋ ਗਈ ਅਤੇ ਇੱਕ ਗੰਭੀਰ ਜ਼ਖ਼ਮੀ ਹੋ ਗਿਆ, ਜਿਸ ਨੂੰ ਇਲਾਜ ਲਈ ਪਟਿਆਲੇ ਭੇਜ ਦਿੱਤਾ ਗਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਮੋਟਰਸਾਈਕਲ ਸਵਾਰ ਚਾਰ ਨੌਜਵਾਨ ਪਟਿਆਲੇ ਨੂੰ ਜਾ ਰਹੇ ਸਨ। ਇਸ ਦੌਰਾਨ ਜਦੋਂ ਉਹ ਪਿੰਡ ਢੈਂਠਲ ਨੇੜੇ ਪਹੁੰਚੇ ਤਾਂ ਸਾਹਮਣੇ ਤੋਂ ਆਈ ਜੀਪ ਨਾਲ ਮੋਟਰਸਾਈਕਲ ਦੀ ਟੱਕਰ ਹੋ ਗਈ, ਜਿਸ ਕਾਰਨਚਾਰੇ ਜਣੇ ਸੜਕ ’ਤੇ ਦੂਰ-ਦੂਰ ਜਾ ਡਿੱਗੇ ਅਤੇ ਇਨ੍ਹਾਂ ਵਿੱਚੋਂ ਤਿੰਨਾਂਦੀ ਮੌਤ ਹੋ ਗਈ ਤੇ ਇੱਕ ਜ਼ਖ਼ਮੀ ਹੋ ਗਿਆ। ਹਾਦਸੇ ਤੋਂ ਬਾਅਦ ਮੋਟਰਸਾਈਕਲ ਨੂੰ ਅੱਗ ਲੱਗ ਗਈ। ਇਸ ਦੀ ਸੂਚਨਾ ਮਿਲਣ ਉੱਤੇ ਸਦਰ ਥਾਣਾ ਸਮਾਣਾ ਦੇ ਮੁੱਖੀ ਸਬ-ਇੰਸਪੈਕਟਰ ਅੰਕੁਰਦੀਪ ਸਿੰਘ ਨੇ ਮੌਕੇ ’ਤੇ ਪਹੁੰਚ ਕੇ ਜਾਂਚ ਸ਼ੁਰੂ ਕਰਵਾਈ ਹੈ।

# ਕਰਫਿਊ ਦੇ ਹੱਕ ਵਿੱਚ ਹਨ ਬਹੁਤੇ ਕੈਨੇਡੀਅਨ : ਰਿਪੋਰਟ



ਓਨਟਾਰੀਓ, 19 ਜਨਵਰੀ (ਪੋਸਟ ਬਿਊਰੋ) : ਕੋਵਿਡ-19 ਦੇ ਪਸਾਰ ਨੂੰ ਰੋਕਣ ਲਈ ਜੇ ਰਾਤ ਦਾ ਕਰਫਿਊ ਲਾਉਣ ਦੀ ਨੌਬਤ ਆਉਂਦੀ ਹੈ ਤਾਂ ਲੱਗਭਗ ਦੋ ਤਿਹਾਈ ਕੈਨੇਡੀਅਨ ਅਜਿਹਾ ਕਰਨ ਦੇ ਹੱਕ ਵਿੱਚ ਹਨ।

ਇੱਕ ਨਵੇਂ ਸਰਵੇਖਣ ਤੋਂ ਇਹ ਸਾਹਮਣੇ ਆਇਆ ਹੈ ਕਿ ਭਾਵੇਂ ਉਹ ਇਸ ਲਈ ਰਾਜ਼ੀ ਨਹੀਂ ਹਨ ਕਿ ਇਹ ਪ੍ਰਭਾਵਸ਼ਾਲੀ ਹੋਵੇਗਾ।

ਲੈਗਰ ਤੇ ਐਸੋਸਿਏਸ਼ਨ ਫੌਰ ਕੈਨੇਡੀਅਨ ਸਟੱਡੀਜ਼ ਵੱਲੋਂ ਕਰਵਾਏ ਗਏ ਸਰਵੇਖਣ ਵਿੱਚ ਹਿੱਸਾ ਲੈਣ ਵਾਲੇ ਕੈਨੇਡੀਅਨਾਂ ਵਿੱਚੋਂ 65 ਫੀ ਸਦੀ ਨੇ ਆਖਿਆ ਕਿ ਜੇ ਪਬਲਿਕ ਹੈਲਥ ਅਧਿਕਾਰੀਆਂ ਵੱਲੋਂ ਸਿਫਾਰਿਸ਼ ਕੀਤੀ ਜਾਂਦੀ ਹੈ ਤਾਂ ਉਹ ਪ੍ਰੋਵਿੰਸ ਵਿੱਚ ਲਾਏ ਜਾਣ ਵਾਲੇ ਆਰਜ਼ੀ ਕਰਫਿਊ ਦਾ ਸਮਰਥਨ ਕਰਦੇ ਹਨ। ਕਿਊਬਿਕ, ਜਿੱਥੇ ਸਰਕਾਰ ਨੇ 10 ਦਿਨ ਪਹਿਲਾਂ ਇੱਕ ਮਹੀਨੇ ਦਾ ਕਰਫਿਊ ਲਾਇਆ ਸੀ, ਵਾਸੀਆਂ ਵਿੱਚੋਂ 74 ਫੀ ਸਦੀ ਨੇ ਆਖਿਆ ਕਿ ਉਹ ਇਸ ਕਦਮ ਦਾ ਸਮਰਥਨ ਕਰਦੇ ਹਨ।

ਫਿਰ ਵੀ 57 ਫੀ ਸਦੀ ਕਿਊਬਿਕ ਵਾਸੀਆਂ ਤੇ ਬਾਕੀ ਦੇਸ਼ ਵਾਸੀਆਂ ਵਿੱਚੋਂ ਇਸ ਸਰਵੇਖਣ ਵਿੱਚ ਹਿੱਸਾ ਲੈਣ ਵਾਲੇ 39 ਫੀ ਸਦੀ ਲੋਕਾਂ ਨੇ ਆਖਿਆ ਕਿ ਉਨ੍ਹਾਂ ਦੇ ਹਿਸਾਬ ਨਾਲ ਕਰੋਨਵਾਇਰਸ ਦੇ ਮਾਮਲਿਆਂ ਨੂੰ ਅੱਗੇ ਫੈਲਣ ਤੋਂ ਰੋਕਣ ਦਾ ਕਰਫਿਊ ਪ੍ਰਭਾਵਸ਼ਾਲੀ ਤਰੀਕਾ ਹਨ। ਇਹ ਸਰਵੇਖਣ 1516 ਕੈਨੇਡੀਅਨਾਂ ਉੱਤੇ ਕੀਤਾ ਗਿਆ।ਲੈਗਰ ਦੇ ਐਗਜ਼ੈਕਟਿਵ ਵਾਈਜ਼ ਪ੍ਰੈਜ਼ੀਡੈਂਟ ਕ੍ਰਿਸਚੀਅਨ ਬੁਰਕ ਨੇ ਆਖਿਆ ਕਿ ਨਤੀਜੇ ਦਰਸਾਉਂਦੇ ਹਨ ਕਿ ਕੈਨੇਡੀਅਨ ਆਪਣੇ ਹਿੱਸੇ ਦਾ ਕੰਮ ਕਰਨਾ ਚਾਹੁੰਦੇ ਹਨ ਤੇ ਆਪਣੀਆਂ ਸਰਕਾਰਾਂ ਦੇ ਨਾਲ ਖੜ੍ਹਨਾ ਚਾਹੁੰਦੇ ਹਨ। ਪਰ ਇਹ ਵੀ ਆਖਿਆ ਗਿਆ ਕਿ ਮਹਾਂਮਾਰੀ ਦੇ ਲੰਮਾਂ ਖਿੱਚੇ ਜਾਣ ਕਾਰਨ ਕੈਨੇਡੀਅਨਾਂ ਦੀ ਮਾਨਸਿਕ ਸਿਹਤ ਉੱਤੇ ਅਸਰ ਪੈ ਰਿਹਾ ਹੈ।

21 ਫੀ ਸਦੀ ਨੇ ਆਪਣੀ ਮਾਨਸਿਕ ਸਿਹਤ ਨੂੰ ਕਾਫੀ ਮਾੜਾ ਦੱਸਿਆ, 32 ਫੀ ਸਦੀ ਨੇ ਆਪਣੀ ਮਾਨਸਿਕ ਸਿਹਤ ਨੂੰ ਬਹੁਤ ਵਧੀਆ ਦੱਸਿਆ, 45 ਫੀ ਸਦੀ ਨੇ ਆਪਣੀ ਮਾਨਸਿਕ ਸਿਹਤ ਨੂੰ ਚੰਗਾ ਦੱਸਿਆ। 59 ਫੀ ਸਦੀ ਨੇ ਆਖਿਆ ਕਿ ਉਨ੍ਹਾਂ ਨੂੰ ਕੋਵਿਡ-19 ਹੋਣ ਦਾ ਕੁੱਝ ਹੱਦ ਤੱਕ ਜਾਂ ਕਾਫੀ ਡਰ ਹੈ। 71 ਫੀ ਸਦੀ ਨੇ ਆਖਿਆ ਕਿ ਜਦੋਂ ਵੈਕਸੀਨ ਉਪਲਬਧ ਹੋਵੇਗੀ ਤਾਂ ਉਹ ਲਵਾਉਣ ਲਈ ਤਿਆਰ ਹਨ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Gyan Singh, Angrez Singh |
| **Office Admin** | Priya Dhillon |
| **Graphic Designer** | Priya Dhillon |
| **Photographer** | Kanwaljit Singh Kanwal |
| **Distributer** | Aman Warraich |
| Marketing: | Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.




# ਔਰਤਾਂ ਵੱਲੋਂ ਹਰਜੀਤ ਗਰੇਵਾਲ ਤੇ ਸੁਰਜੀਤ ਕੁਮਾਰ ਜਿਆਣੀ ਦੇ ਘਰਾਂ ਅੱਗੇ ਧਰਨੇ

ਚੰਡੀਗੜ੍ਹ, 19 ਜਨਵਰੀ (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਖੇਤੀਬਾੜੀ ਕਾਨੂੰਨਾਂ ਵਿਰੁੱਧ ਜਾਰੀ ਕਿਸਾਨ ਸੰਘਰਸ਼ ਦੇ ਦੌਰਾਨ ਕੱਲ੍ਹ ਮਹਿਲਾ ਕਿਸਾਨ ਦਿਵਸ ਮੌਕੇ ਕਿਸਾਨ ਜਥੇਬੰਦੀਆਂ ਦੇ ਸੱਦੇ ਉੱਤੇ ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਦੀ ਅਗਵਾਈ ਹੇਠ ਹਜ਼ਾਰਾਂ ਕਿਸਾਨਾਂ ਨੇ ਦੋ ਭਾਜਪਾ ਆਗੂਆਂ ਹਰਜੀਤ ਸਿੰਘ ਗਰੇਵਾਲ ਤੇ ਸੁਰਜੀਤ ਕੁਮਾਰ ਜਿਆਣੀ ਦੇ ਘਰਾਂ ਅੱਗੇ ਵੱਡੇ ਰੋਸ ਮੁਜ਼ਾਹਰੇ ਕੀਤੇ। ਇਨ੍ਹਾਂ ਧਰਨਿਆਂ ਵਿੱਚ ਔਰਤਾਂ ਦੀ ਗਿਣਤੀ ਵੱਧ ਰਹੀ। ਕਿਸਾਨ ਜਥੇਬੰਦੀਆਂ ਦੇ ਸੱਦੇ ’ਤੇ ਦਿੱਲੀ ਵਿੱਚ ਕੱਢੀ ਜਾਣ ਵਾਲੀ ਟਰੈਕਟਰ ਪਰੇਡ ਦੀ ਰਿਹਰਸਲ ਵਜੋਂ ਪਿੰਡਾਂ ਅਤੇ ਸ਼ਹਿਰਾਂ ਵਿੱਚ ਕੱਲ੍ਹ ਮਹਿਲਾ ਕਿਸਾਨ ਦਿਵਸ ਮੌਕੇ ਟਰੈਕਟਰ ਮਾਰਚ ਕੱਢੇ ਗਏ ਤੇ ਪੰਜਾਬ ਭਾਜਪਾ ਦੇ ਦੋ ਸੀਨੀਅਰ ਆਗੂਆਂ ਹਰਜੀਤ ਸਿੰਘ ਗਰੇਵਾਲ, ਜੋ ਬਰਨਾਲਾ ਜ਼ਿਲ੍ਹੇ ਦੇ ਧਨੌਲਾ ਦੇ ਵਸਨੀਕ ਹਨ ਤੇ ਸਾਬਕਾ ਮੰਤਰੀ ਸੁਰਜੀਤ ਕੁਮਾਰ ਜਿਆਣੀ, ਜੋ ਫਾਜ਼ਿਲਕਾ ਜ਼ਿਲ੍ਹੇ ਦੇ ਪਿੰਡ ਕਟਹਿੜਾ ਦੇ ਵਾਸੀ ਹਨ, ਵੱਲੋਂ ਕੀਤੀ ਬਿਆਨਬਾਜ਼ੀ ਨੂੰ ਕਿਸਾਨ ਜਥੇਬੰਦੀਆਂ ਨੇ ਅੰਦੋਲਨ ਨੂੰ ਢਾਹ ਲਾਉਣ ਵਾਲੀ ਕਰਾਰ ਦਿੱਤਾ। ਗਰੇਵਾਲ ਤੇ ਜਿਆਣੀ ਦੇ ਘਰਾਂ ਨੇੜੇ ਦਿੱਤੇ ਧਰਨਿਆਂ ’ਚ ਮਾਲਵਾ ਖੇਤਰ ਦੇ ਅੱਧੀ ਦਰਜਨ ਜ਼ਿਲ੍ਹਿਆਂ ਨਾਲ ਸਬੰਧਤ ਕਿਸਾਨਾਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਧਰਨਿਆਂ ਨੂੰ ਸੰਬੋਧਨ ਕਰਨ ਵਾਲੇ ਬੁਲਾਰਿਆਂ ਨੇ ਸੱਦਾ ਦਿੱਤਾ ਕਿ ਭਾਜਪਾ ਆਗੂਆਂ ਦੇ ਖਿਲਾਫ ਸੰਘਰਸ਼ ਹੋਰ ਤੇਜ਼ ਕੀਤਾ ਜਾਵੇ। ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਦੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਦੱਸਿਆ ਕਿ ਖੇਤੀ ਕਾਨੂੰਨਾਂ ਵਿਰੁੱਧ ਘੋਲ ਵਿੱਚ ਸ਼ਾਮਲ ਜਥੇਬੰਦੀਆਂ ਦੇ ਸੱਦੇ ’ਤੇ ਕੱਲ੍ਹ ਹਜ਼ਾਰਾਂ ਔਰਤਾਂ ਨੇ ਭਾਜਪਾ ਆਗੂ ਹਰਜੀਤ ਗਰੇਵਾਲ ਅਤੇ ਸੁਰਜੀਤ ਕੁਮਾਰ ਜਿਆਣੀ ਦੇ ਪਿੰਡਾਂ ਧਨੌਲਾਂ ਤੇ ਕਟਹਿੜਾ ਵਿਖੇ ਰੈਲੀਆਂ ਕਰ ਕੇ ਮੋਦੀ ਹਕੂਮਤ ਨੂੰ ਵੰਗਾਰਿਆ।












# ਕਿਸਾਨ ਅੰਦੋਲਨ ਦੇ ਪ੍ਰਸੰਗ ਵਿਚ ਅਤੀਤ ਨੂੰ ਯਾਦ ਕਰਦਿਆਂ

-ਪ੍ਰਿੰ. ਸਰਵਣ ਸਿੰਘ-



ਸਿੱਖ ਰਾਜ ਚਲੇ ਜਾਣ ਪਿੱਛੋਂ ਸ਼ਾਹ ਮੁਹੰਮਦ ਨੇ ਸਿੰਘਾਂ ਤੇ ਫਿਰੰਗੀਆਂ ਦਾ ਜੰਗਨਾਮਾ ਲਿਖਿਆ, ਜਿਸ ਦੀਆਂ ਤੁਕਾਂ ਲੋਕ ਗੀਤਾਂ ਵਾਂਗ ਲੋਕਾਂ ਦੇ ਮੂੰਹ ਚੜ੍ਹ ਗਈਆਂ। ਉਹ ਅਜੋਕੇ ਕਿਸਾਨ ਅੰਦੋਲਨ ਵਿਚ ਵੀ ਯਾਦ ਕਰ ਲੈਣੀਆਂ ਚਾਹੀਦੀਆਂ ਹਨ: 'ਪਿੱਛੋਂ ਬੈਠ ਸਰਦਾਰਾਂ ਗੁਰਮਤਾ ਕੀਤਾ, ਕੋਈ ਅਕਲ ਦਾ ਕਰੋ ਇਲਾਜ ਯਾਰੋ...।' ਯਾਦ ਕਰੀਏ ਗੁਰੂ ਅਰਜਨ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ। ਅਰਦਾਸ ਵਿਚ ਸਿਮਰੇ ਜਾਂਦੇ ਸ਼ਹੀਦਾਂ ਦਾ ਧਿਆਨ ਧਰ ਕੇ ਕਿਹਾ ਜਾਂਦਾ ਹੈ, 'ਬੋਲੋ ਸਤਿਨਾਮ ਸ੍ਰੀ ਵਾਹਿਗੁਰੂ।' ਨਨਕਾਣਾ ਸਾਹਿਬ, ਗੁਰੂ ਕੇ ਬਾਗ ਦਾ ਮੋਰਚਾ, ਜੈਤੋ ਦਾ ਮੋਰਚਾ ਤੇ ਸਿੱਖਾਂ ਦੇ ਕੁਝ ਹੋਰ ਮੋਰਚੇ ਸ਼ਾਂਤਮਈ ਅੰਦੋਲਨਾਂ ਨਾਲ ਹੀ ਜਿੱਤੇ ਗਏ। ਮਹਾਤਮਾ ਗਾਂਧੀ, ਜੈ ਪ੍ਰਕਾਸ਼ ਨਾਰਾਇਣ ਤੇ ਅੰਨਾ ਹਜ਼ਾਰੇ ਦੇ ਸੱਤਿਆਗ੍ਰਹਿਆਂ ਦਾ ਸਫਲ ਹੋਣਾ ਵੀ ਉਨ੍ਹਾਂ ਦੇ ਸ਼ਾਂਤਮਈ ਰਹਿਣ ਕਰ ਕੇ ਸੰਭਵ ਹੋ ਸਕਿਆ। ਅਜੋਕਾ ਕਿਸਾਨ ਅੰਦੋਲਨ ਵੀ ਸ਼ਾਂਤਮਈ ਰਹਿਣ ਕਰ ਕੇ ਹੀ ਪੰਜਾਬ ਦੀਆਂ ਹੱਦਾਂ ਪਾਰ ਕਰਦਾ ਸਾਰੇ ਭਾਰਤ ਦਾ ਅੰਦੋਲਨ ਬਣ ਗਿਆ ਹੋਇਆ ਹੈ। ਥਾਂ-ਥਾਂ ਧਰਨੇ ਲੱਗ ਰਹੇ ਤੇ ਮੁਜ਼ਾਹਰੇ ਹੋ ਰਹੇ ਹਨ। ਜੇ ਇਹ ਇਕੱਲੇ ਪੰਜਾਬੀਆਂ ਜਾਂ ਕੇਵਲ ਸਿੱਖਾਂ ਦਾ ਅੰਦੋਲਨ ਹੁੰਦਾ ਤਾਂ ਪੁਲੀਸ/ ਫੌਜ ਵਰਤ ਕੇ ਸੌਖਿਆਂ ਦਬਾਅ ਦਿੱਤਾ ਜਾਂਦਾ ਤੇ ਉਹਦੇ ਸਿਰ 'ਤੇ ਬਾਕੀ ਹਿੰਦੋਸਤਾਨ ਦੀਆਂ ਵੋਟਾਂ ਖਰੀਆਂ ਕਰ ਲਈਆਂ ਜਾਂਦੀਆਂ, ਮੌਜੂਦਾ ਸਰਕਾਰ ਦੀ ਉਮਰ ਹੋਰ ਲੰਮੇਰੀ ਹੋ ਜਾਂਦੀ, ਕਿਉਂਕਿ ਪੰਜਾਬੀ, ਖ਼ਾਸ ਕਰ ਕੇ ਸਿੱਖ ਭਾਰਤੀ ਲੋਕਰਾਜ ਦੀਆਂ ਵੋਟਾਂ ਵਿਚ ਆਟੇ ਵਿਚ ਲੂਣ ਬਰਾਬਰ ਹੀ ਹਨ।

ਇਹ ਹਕੀਕਤ ਹੈ ਕਿ 1980ਵਿਆਂ ਦੌਰਾਨ ਕੁਝ ਤੱਤਾਂ ਨੇ ਕੁਝ ਸਿੱਖਾਂ ਨੂੰ ਸ਼ਹਿ ਦੇ ਕੇ, ਉਕਸਾ ਕੇ, ਫਿਰ ਆਪਸ ਵਿਚ ਉਨ੍ਹਾਂ ਦੀ ਅਤੇ ਕੁਝ ਗੈਰ ਸਿੱਖਾਂ ਦੀ ਮਾਰ-ਮਰਵਾਈ ਕਰਵਾਈ। ਇੰਜ ਕਰ ਕੇ ਬਾਕੀ ਹਿੰਦੋਸਤਾਨੀਆਂ ਦੀਆਂ ਵੋਟਾਂ ਵਟੋਰੀਆਂ ਅਤੇ ਰਾਜ-ਭਾਗ ਦੇ ਮਾਲਕ ਬਣੇ। ਰਾਜਾਂ ਲਈ ਵਧੇਰੇ ਅਧਿਕਾਰਾਂ ਵਾਲਾ ਅਨੰਦਪੁਰ ਮਤਾ, ਜੋ ਸੰਵਿਧਾਨ ਦੇ ਫੈਡਰਲ ਢਾਂਚੇ ਮੁਤਾਬਕ ਸਾਰੇ ਰਾਜਾਂ ਦਾ ਮਤਾ ਸੀ, ਕੇਵਲ ਸਿੱਖਾਂ ਦਾ ਵੱਖਵਾਦੀ ਮਤਾ ਗਰਦਾਨ ਕੇ ਸਾਰੇ ਦੇਸ਼ ਨੂੰ ਵਰਗਲਾ ਲਿਆ ਤੇ ਘੱਟ ਗਿਣਤੀ ਸਿੱਖਾਂ ਦੇ ਮੁਕਾਬਲੇ ਬਹੁਗਿਣਤੀ ਗ਼ੈਰ ਸਿੱਖ ਭਾਰਤੀਆਂ ਦੀਆਂ ਵੋਟਾਂ ਵਟੋਰ ਲਈਆਂ। ਸਿੱਖਾਂ ਅਥਵਾ ਪੰਜਾਬੀਆਂ ਨੇ ਸੁਤੰਤਰਤਾ ਸੰਗਰਾਮ ਵਿਚ ਸਭ ਤੋਂ ਵੱਧ ਕੁਰਬਾਨੀਆਂ ਦਿੱਤੀਆਂ, ਪਰ ਸੁਤੰਤਰ ਭਾਰਤ ਦੇ ਹੋਰ ਲੋਕਾਂ ਨੂੰ ਬਿਨਾਂ ਕਿਸੇ ਕੁਰਬਾਨੀ ਦੇਣ ਦੇ ਉਨ੍ਹਾਂ ਖ਼ਿਲਾਫ਼ ਭੁਗਤਾਉਣ ਦਾ ਸਬੱਬ ਬਣਾ ਦਿੱਤਾ ਗਿਆ। ਪਿਛਲੀਆਂ ਹਾਰਾਂ ਤੋਂ ਸਿੱਖਾਂ ਨੂੰ ਇੰਨਾ ਕੁ ਸਬਕ ਜ਼ਰੂਰ ਸਿੱਖ ਲੈਣਾ ਚਾਹੀਦਾ ਹੈ ਕਿ ਅਜੋਕੇ ਲੋਕਰਾਜੀ ਸਮੇਂ ਵਿਚ ਉਹ ਜਦੋਂ ਕੇਵਲ ਪੰਜਾਬ ਜਾਂ ਸਿੱਖਾਂ ਦੀ ਹੀ ਗੱਲ ਕਰਨਗੇ ਤਾਂ ਦੇਸ਼ ਦੀ ਵੱਡੀ ਬਹੁਗਿਣਤੀ ਨੂੰ ਆਪਣੇ ਵਿਰੁੱਧ ਭੁਗਤਾਉਣ ਦੇ ਫਿਰ ਮੌਕੇ ਦੇ ਦੇਣਗੇ ਤੇ ਪਹਿਲਾਂ ਵਾਂਗ ਹੀ ਨੁਕਸਾਨ ਉਠਾਉਣਗੇ।

ਪੰਜਾਬ ਵਿੱਚੋਂ ਚਲਾਇਆ ਸ਼ਾਂਤਮਈ ਕਿਸਾਨ ਅੰਦੋਲਨ ਹਰਿਆਣੇ ਨਾਲ ਰਲ ਕੇ ਦੁੱਗਣਾ ਅਤੇ ਸਮੁੱਚੇ ਭਾਰਤੀ ਕਿਸਾਨਾਂ ਨਾਲ ਰਲ ਕੇ ਦਸ ਗੁਣਾਂ ਪ੍ਰਭਾਵਸ਼ਾਲੀ ਹੋ ਗਿਆ ਹੈ ਜਿਸ ਦੀਆਂ ਧੁੰਮਾਂ ਕੁਲ ਜਹਾਨ ਅੰਦਰ ਪੈ ਰਹੀਆਂ ਹਨ। ਸਭ ਧਰਮਾਂ ਤੇ ਜਾਤਾਂ ਦੇ ਕਰੋੜਾਂ ਅਰਬਾਂ ਲੋਕ ਕਿਸਾਨਾਂ ਨਾਲ ਹਮਦਰਦੀ ਪਰਗਟ ਕਰਨ ਲੱਗੇ ਹਨ। ਪੰਜਾਬੀ ਤੇ ਹਰਿਆਣਵੀ ਮੇਰ-ਤੇਰ ਛੱਡ ਕੇ ਮੁੜ ਇਕ ਦੂਜੇ ਦੀਆਂ ਬਾਂਹਾਂ ਬਣ ਗਏ ਹਨ। ਪੰਜਾਬ ਦੇ ਦਾਇਰੇ ਵਿੱਚ ਚੱਲਦੇ ਕਿਸਾਨ ਅੰਦੋਲਨ ਦੀ ਖ਼ਬਰ ਤਾਂ ਦਿੱਲੀ ਤਕ ਵੀ ਨਹੀਂ ਸੀ ਪਹੁੰਚਦੀ, ਜੋ ਦੁਨੀਆ ਭਰ ਦੇ ਮੀਡੀਏ ਦੀ ਮੁੱਖ ਖ਼ਬਰ ਬਣੀ ਹੋਈ ਹੈ। ਸ਼ਕਤੀਸ਼ਾਲੀ ਮੋਦੀ ਸਰਕਾਰ, ਜੋ ਸੰਵਿਧਾਨ ਦੀ ਉਲੰਘਣਾ ਕਰ ਕੇ ਧੱਕੇ ਨਾਲ ਕੋਈ ਵੀ ਕਾਨੂੰਨ ਬਣਾਉਣ ਵਿਚ ਮਿੰਟ ਨਹੀਂ ਲਾਉਂਦੀ, ਅਜੇ ਤਕ ਆਪਣਾ ਹਰ ਹਰਬਾ ਵਰਤਣ ਦੇ ਬਾਵਜੂਦ ਕਿਸਾਨ ਅੰਦੋਲਨ ਨੂੰ ਲੀਹੋਂ ਲਾਹੁਣ ਵਿਚ ਕਾਮਯਾਬ ਨਹੀਂ ਹੋ ਸਕੀ। ਕਿਸਾਨ ਜਥੇਬੰਦੀਆਂ ਫਿਰ ਵੀ ਦ੍ਰਿੜ੍ਹ ਇਰਾਦੇ ਨਾਲ ਕਾਨੂੰਨ ਰੱਦ ਕਰਾਉਣ ਲਈ ਅੰਦੋਲਨ ਜਾਰੀ ਰੱਖ ਰਹੀਆਂ ਹਨ। ਲੋਕ ਹੈਰਾਨ ਹਨ ਕਿ ਵੱਖ-ਵੱਖ ਵਿਚਾਰਾਂ ਵਾਲੀਆਂ ਐਨੀਆਂ ਕਿਸਾਨ ਜਥੇਬੰਦੀਆਂ ਇੱਕਮੁੱਠ ਕਿਵੇਂ ਹਨ?

ਕਾਰਪੋਰੇਟ ਪੱਖੀ ਤੇ ਕਿਸਾਨ ਵਿਰੋਧੀ ਸਰਕਾਰ ਨੇ ਕਿਸਾਨ ਆਗੂਆਂ ਨੂੰ ਪਾੜਨ, ਜੋਸ਼ੀਲੇ ਨੌਜੁਆਨਾਂ ਨੂੰ ਹਿੰਸਾ ਲਈ ਭੜਕਾਉਣ ਅਤੇ ਆਪਣੇ ਬੰਦੇ ਵਾੜ ਕੇ ਚੁਆਤੀਆਂ ਲਾਉਣ ਦੀਆਂ ਅਜੇ ਹੋਰ ਵੀ ਚਾਲਾਂ ਚੱਲਣੀਆਂ ਹਨ ਤਾਂ ਜੋ ਭੜਕਾਹਟ ਵਿਚ ਆ ਕੇ ਅੰਦੋਲਨਕਾਰੀ ਭੰਨ-ਤੋੜ ਕਰਨ, ਜਿਸ ਨਾਲ ਸਰਕਾਰ ਨੂੰ ਅਮਨ ਕਾਨੂੰਨ ਬਣਾਈ ਰੱਖਣ ਦੇ ਨਾਂ ਉੱਤੇ ਮਾਰ-ਧਾੜ ਕਰਨ ਦਾ ਬਹਾਨਾ ਮਿਲ ਜਾਵੇ। ਪੁੱਤ ਬਾਰਡਰ ਦੇ ਮੋਰਚੇ ਵਿੱਚ ਮਰਦਾ ਤੇ ਪਿਉ ਕਿਸਾਨ ਮੋਰਚੇ ਵਿਚ ਮਰਦਾ ਅਸੀਂ ਦੇਖ ਚੁੱਕੇ ਹਾਂ। ਦੰਭੀ ਤੇ ਮੀਸਣੀ ਸਰਕਾਰ ਪੁੱਤ ਮਰਨ ਉੱਤੇ ਤਾਂ ਸ਼ਹੀਦ ਹੋਣ ਦਾ ਠੱਪਾ ਲਾ ਦਿੰਦੀ ਹੈ, ਪਰ ਸ਼ਹੀਦ ਹੋਏ ਕਿਸਾਨ ਪਿਤਾ ਨੂੰ ਭਟਕਿਆ ਹੋਇਆ ਕਹਿੰਦੀ ਉਹਦਾ ਅਫਸੋਸ ਵੀ ਨਹੀਂ ਕਰਦੀ।

ਕਿਸੇ ਅੰਦੋਲਨ ਨੂੰ ਮਘਦਾ ਰੱਖਣ ਲਈ ਹੋਸ਼ ਨਾਲ ਬੇਸ਼ੱਕ ਜੋਸ਼ ਵੀ ਜ਼ਰੂਰੀ ਹੁੰਦਾ ਹੈ, ਪਰ ਜੋਸ਼ ਇੰਨਾ ਵੀ ਨਾ ਵਧੇ ਕਿ ਹੋਸ਼ ਹੀ ਨਾ ਰਹੇ। 26 ਜਨਵਰੀ ਨੂੰ ਕੀਤੀ ਜਾ ਰਹੀ ਟਰੈਕਟਰ ਪਰੇਡ ਪਰਖ ਦੀ ਘੜੀ ਹੋਵੇਗੀ। ਜੇ ਇਹ ਜ਼ਾਬਤੇ ਵਿਚ ਰਹੀ ਤੇ ਚਾਣਕੀਆ ਚਾਲਾਂ ਚੱਲਣ ਵਾਲੀ ਸਰਕਾਰ ਤੋਂ ਹਿੰਸਕ ਨਾ ਕਰਵਾਈ ਗਈ ਤਾਂ ਕਿਸਾਨਾਂ ਦਾ ਨਾਂ ਕੁਲ ਦੁਨੀਆ ਵਿਚ ਸਤਿਕਾਰ ਨਾਲ ਲਿਆ ਜਾਵੇਗਾ। ਫਿਰ ਟਰੈਕਟਰ ਪਰੇਡ ਦੀਆਂ ਤਸਵੀਰਾਂ ਕਰੋੜਾਂ ਘਰਾਂ ਦਾ ਸ਼ਿੰਗਾਰ ਬਣਨਗੀਆਂ।

ਸ਼ਾਂਤਮਈ ਅੰਦੋਲਨ ਨਾਲ ਕਾਲੇ ਕਾਨੂੰਨ ਵੀ ਵਾਪਸ ਕਰਾਏ ਜਾ ਸਕਦੇ ਹਨ ਜਦੋਂ ਕਿ ਹਿੰਸਾ ਕਾਰਨ ਵੱਡੇ ਨੁਕਸਾਨ ਹੋ ਸਕਦੇ ਹਨ। ਟਰੈਕਟਰਾਂ ਦੀ ਜ਼ਬਤਬੱਧ ਪਰੇਡ ਵਿਚ ਹਜ਼ਾਰਾਂ ਟਰੈਕਟਰਾਂ ਨਾਲ ਲੱਖਾਂ ਲੋਕ ਆ ਸਕਦੇ ਹਨ। ਇਸ ਲਈ ਵੱਧ ਤੋਂ ਵੱਧ ਪ੍ਰਚਾਰ ਕਰੋ ਕਿ ਅੰਦੋਲਨ ਹਰ ਹਾਲਤ ਵਿਚ ਸ਼ਾਂਤਮਈ ਰਹੇਗਾ।

# ਨਾਰਾਜ਼ਗੀ ਸਬਜ਼ੀਆਂ ਦੀ

-ਡਾਕਟਰ ਅਤੁਲ ਚਤੁਰਵੇਦੀ

ਸਬਜ਼ੀਆਂ ਦੀ ਕਿੱਟੀ ਪਾਰਟੀ ਚੱਲ ਰਹੀ ਸੀ। ਬਹੁਤ ਸਰਗਰਮ ਸੀ ਤੇ ਸਾਰੇ ਪਿਆਜ਼ ਦੇ ਆਉਣ ਜਾਂ ਨਾ ਆਉਣ ਦੀਆਂ ਅਟਕਲਾਂ ਲਾ ਰਹੇ ਸਨ। ਕੁਝ ਇੱਕ ਦਾ ਮੰਨਣਾ ਸੀ ਕਿ ਉਹ ਤਣਾਅ ਵਿੱਚ ਹੈ ਤਾਂ ਕੁਝ ਇੱਕ ਦਾ ਵਿਚਾਰ ਸੀ ਕਿ ਇਨ੍ਹੀਂ ਦਿਨੀਂ ਜ਼ਮੀਨ ਉੱਤੇ ਪੈਰ ਨਹੀਂ ਹਨ ਉਸ ਦੇ। ਕੱਲ੍ਹ ਉਸ ਨੇ ਟਮਾਟਰ ਤੇ ਕੀਵੀ ਵਰਗੇ ਫਲ ਨੂੰ ਵਿਸ਼ ਨਹੀਂ ਕੀਤੀ।

ਲੰਬੀ ਉਡੀਕ ਤੋਂ ਬਾਅਦ ਪਿਆਜ ਨੇ ਐਂਟਰੀ ਕੀਤੀ। ਵੱਖਰਾ ਹੀ ਗਲੋਅ ਸੀ ਚਿਹਰੇ ਉੱਤੇ, ਸ਼ਾਇਦ ਪ੍ਰਾਪਤੀ ਦਾ ਘੁਮੰਡ। ਗੋਭੀ ਨੇ ਮਟਰ ਨੂੰ ਕੂਹਣੀ ਮਾਰਦੇ ਹੋਏ ਕਿਹਾ, "ਰਹਿਮਨ, ਚੁਪ ਬੈਠੇ ਰਹੇ ਦੇਖ, ਦਿਨਨ ਕੋ ਫੇਰ।"

ਮਟਰ ਹੌਲੀ ਜਿਹਾ ਮੁਸਕਰਾਇਆ ਤਾਂ ਕਿ ਕੋਈ ਦੇਖ ਨਾ ਲਵੇ। ਫਿਰ ਬੋਲੀ, "ਦੇਖ, ਹਮੇਸ਼ਾ ਨੱਕ-ਮੂੰਹ ਚਿੜਾਉਣ ਵਾਲੀ ਸ਼ਿਮਲਾ ਮਿਰਚ ਕਿਵੇਂ ਉਸ ਦੇ ਗਲੇ ਪੈ ਰਹੀ ਹੈ।" ਪਿਆਜ਼ ਦੇ ਆਉਂਦੇ ਸਾਰ ਕੈਮਰਿਆਂ ਦੀਆਂ ਫਲੈਸ਼ ਲਾਈਟਾਂ ਚਮਕਣ ਲੱਗੀਆਂ। ਕੋਈ ਉਸ ਨੂੰ ਛੂਹ ਕੇ ਦੇਖ ਰਿਹਾ ਸੀ ਅਤੇ ਕੋਈ ਉਸ ਨਾਲ ਸੈਲਫੀ ਖਿਚਵਾ ਕੇ ਇੰਸਟਾਗ੍ਰਾਮ ਉੱਤੇ ਅਪਲੋਡ ਕਰਨ ਵਿੱਚ ਬਿਜ਼ੀ ਸੀ।

ਗਲਾ ਸਾਫ ਕਰਦੇ ਹੋਏ ਪਿਆਜ਼ ਨੇ ਬੋਲਣਾ ਸ਼ੁਰੂ ਕੀਤਾ, "ਯੂ ਨੋ, ਆਈ ਹੇਟ ਡਰਟੀ ਪਾਲੀਟਿਕਸ, ਪਰ ਕੀ ਹੈ ਮੈਨੂੰ ਇਸ਼ੂ ਬਣਾਇਆ ਜਾ ਰਿਹਾ ਹੈ। ਮੈਂ ਗਰੀਬ ਦਾ ਵੀ ਸਾਥੀ ਬਣਿਆ ਰਹਿਣਾ ਚਾਹੁੰਦਾ ਹਾਂ, ਅਮੀਰ ਦੀ ਸੁੰ-ਦਰਤਾ ਵੀ। ਮੇਰੇ ਬਾਰੇ ਤਰ੍ਹਾਂ-ਤਰ੍ਹਾਂ ਦੇ ਭਰਮ ਫੈਲਾਏ ਜਾ ਰਹੇ ਹਨ, ਜਦੋਂ ਕਿ ਤੁਸੀਂ ਜਾਣਦੇ ਹੋ, ਮੈਂ ਸਦੀਆਂ ਤੋਂ ਪਕਵਾਨ ਕਲਾ ਦਾ ਅਨਿੱਖੜਵਾਂ ਹਿੱਸਾ ਰਿਹਾ ਹਾਂ। ਤੜਕੇ ਵਿੱਚ ਅੱਜ ਵੀ ਮੇਰੀ ਰੂਹ ਵੱਸਦੀ ਹੈ ਮੇਰੇ ਔਸ਼ਧੀ-ਗੁਣ ਜਗਤ ਪ੍ਰਸਿੱਧ ਹਨ।"

ਪਿਆਜ਼ ਦਾ ਭਾਸ਼ਣ ਜਾਰੀ ਰਿਹਾ, "ਮੇਰੇ ਉੱਤੇ ਚਿੱਕੜ ਉਛਾਲ ਕੇ ਤੁਸੀਂ ਆਪਣੀ ਸਫਲਤਾ ਉੱਤੇ ਪਰਦਾ ਨਹੀਂ ਪਾ ਸਕਦੇ। ਮੈਂ ਦੋ ਰੁਪਏ ਕਿਲੋ ਤੋਂ ਲੈ ਕੇ 100 ਰੁਪਏ ਕਿਲੋ ਤੱਕ ਦੇ ਦਿਨ ਦੇਖੇ ਹਨ। ਮੈਂ ਵੱਡੇ ਭਰਾ ਆਲੂ ਨਾਲ ਰਸੋਈ ਘਰ ਦੀ ਸਾਖ ਦੀ ਰਾਖੀ ਲਈ ਸੰਕਟਾਂ ਵਿੱਚ ਹੱਸਦੇ ਹੱਸਦੇ ਕਈ ਵਾਰ ਬਲੀਦਾਨ ਦਿੱਤਾ ਹੈ।" ਕੁਝ ਪਲ ਦੇ ਚੁੱਪ ਰਹਿਣ ਪਿੱਛੋਂ ਪਿਆਜ਼ ਨੇ ਫਿਰ ਕਿਹਾ, "ਮਿਹਨਤੀ ਕਾਮਿਓ! ਦੁਖੀ ਨਾ ਹੋਵੋ, ਜਲਦੀ ਹੀ ਇੱਕ ਦਿਨ ਫਿਰ ਤੁਹਾਡੀਆਂ ਥਾਲੀਆਂ ਦੀ ਰੌਣਕ ਬਣ ਕੇ ਪਰਤਾਂਗਾ। ਉਦੋਂ ਤੁਹਾਡੀਆਂ ਅੱਖਾਂ ਨਾਲ ਮੇਰੇ ਚੀਰ ਹਰਣ ਦੇ ਨਹੀਂ, ਖੁਸ਼ੀ ਦੇ ਹੰਝੂ ਵਹਿਣਗੇ। ਮੈਂ ਇਨ੍ਹਾਂ ਧਨਾਢਾਂ ਦੇ ਢਕਵੰਜ ਜਾਣਦਾ ਹਾਂ। ਅੱਜ ਜੋ ਮੇਰੀ ਟਾਪਿੰਗ ਦੀ ਫੋਟੋ ਪਾ ਰਹੇ ਹਨ, ਭਲਕੇ ਪਨੀਰ ਨੂੰ ਗਲੇ ਲਾਉਣਗੇ। ਮੈਨੂੰ ਕੋਈ ਗਲਤਫਹਿਮੀ ਨਹੀਂ, ਮੈਂ ਜ਼ਮੀਨ ਨਾਲ ਜੁੜਿਆ ਹੋਇਆ ਹਾਂ, ਜੁੜਿਆ ਰਹਾਂਗਾ। ਤੁਸੀਂ ਮੈਨੂੰ ਓਪਰਾ ਨਾ ਸਮਝੋ, ਮੈਂ ਸਭ ਜਾਣਦਾ ਹਾਂ।"

ਪਿਆਜ਼ ਦਾ ਇਹ ਹਾਲ ਸੁਣ ਕੇ ਹਾਲ ਵਿੱਚ ਤਾੜੀਆਂ ਗੂੰਜਣ ਲੱਗੀਆਂ। ਸਾਰੇ ਉਸ ਦੀ ਭਾਸ਼ਣ ਕਲਾ ਉੱਤੇ ਮੁਗਧ ਸਨ। ਓਧਰ ਉਹ ਮਸ਼ਰੂਮ ਅਤੇ ਬਰੋਕਲੀ ਵਰਗੀ ਮਹਿੰਗੀ ਸਬਜ਼ੀ ਨਾਲ ਪ੍ਰੇਮ ਦੀਆਂ ਪੀਂਘਾਂ ਵਧਾਉਣ ਵਿੱਚ ਬਿਜ਼ੀ ਸੀ। ਉਹ ਵੀ ਆਪਣੇ ਸੈਲੀਬ੍ਰਿਟੀ ਹੋਣ ਦਾ ਆਨੰਦ ਲੈ ਰਿਹਾ ਸੀ।

ਟਮਾਟਰ ਨੂੰ ਆਪਣੀ ਇਹ ਅਣਡਿੱਠਤਾ ਬਰਦਾਸ਼ਤ ਨਹੀਂ ਹੋਈ। ਉਸ ਨੇ ਗਲਾ ਸਾਫ ਕਰਦੇ ਹੋਏ ਕਿਹਾ, "ਦੇਖੋ ਕਿਸੇ ਨੂੰ ਅੰਡਰ ਐਸਟੀਮੇਟ ਨਾ ਕਰੋ, ਕਿਸ ਦਿਨ ਕਿਸ ਸਬਜ਼ੀ ਦੀ ਕਿਸਮਤ ਜਾਗ ਉਠੇ, ਕੋਈ ਨਹੀਂ ਜਾਣਦਾ। ਅੱਜ ਮੈਨੂੰ ਹੀ ਦੇਖ ਲਓ, ਵਿੱਚ-ਵਿੱਚ ਮੇਰੀ ਪੁੱਛ-ਪਰਕ ਕਾਫੀ ਵਧ ਜਾਂਦੀ ਹੈ ਤੇ ਲੋਕ ਵੀ ਆਈ ਪੀ ਵਾਂਗ ਮੇਰੇ ਦਰਸ਼ਨ ਨੂੰ ਤਰਸ ਜਾਂਦੇ ਹਨ। ਅਸਲ ਵਿੱਚ ਅਸੀਂ ਸਾਰੇ ਵਿਚੌਲਿਆਂ ਦੀਆਂ ਕਠਪੁਤਲੀਆ ਹਾਂ, ਸਾਡੇ ਥਿਰਕਣ ਦੀ ਗਤੀ ਅਤੇ ਉਛਾਲ ਦੀ ਉਚਾਈ ਸਾਰਿਆਂ ਦੀ ਡੋਰ ਉਨ੍ਹਾਂ ਦੇ ਹੱਥ ਹੈ। ਕਿਸਾਨ ਤਾਂ ਅੱਜ ਵੀ ਪਸੀਨਾ ਵਹਾ ਕੇ ਗਰੀਬੀ ਦੇ ਦੌਰ ਵਿੱਚੋਂ ਗੁਜਰ ਰਿਹਾ ਹੈ। ਪਿਆਜ਼ ਭਰਾ ਅਤੇ ਸਾਡੀ ਉਛਾਲ ਨਾਲ ਉਨ੍ਹਾਂ ਦਾ ਜੀਵਨ ਖੁਸ਼ਹਾਲ ਨਹੀਂ ਹੋ ਰਿਹਾ, ਉਹ ਬਦਹਾਲ ਹੀ ਹੈ, ਇਸ ਲਈ ਸਾਨੂੰ ਬਖਸ਼ੋ, ਅਸੀਂ ਕਿਸੇ ਸਾਜ਼ਿਸ਼ ਦਾ ਹਿੱਸਾ ਨਹੀਂ, ਸਗੋਂ ਸਾਡੀ ਮਾਸੂਮੀਅਤ ਦਾ ਲਾਭ ਚੁੱਕ ਕੇ ਸਾਨੂੰ ਮੋਹਰਾ ਬਣਾ ਕੇ ਬਦਨਾਮ ਜ਼ਰੂਰ ਕੀਤਾ ਜਾ ਰਿਹਾ ਹੈ। ਦੁੱਖ ਹੈ ਤਾਂ ਇਹੀ ਕਿ ਗਰੀਬ ਦੀ ਬੁਰਕੀ ਅਤੇ ਉਸ ਦੀ ਥਾਲੀ ਦਾ ਰੰਗ ਇਸ ਨਾਂਅ ਉੱਤੇ ਜ਼ਰੂਰ ਗਾਇਬ ਹੋ ਗਿਆ ਹੈ।"

ਟਮਾਟਰ ਦਾ ਇਹ ਭਾਸ਼ਣ ਸੁਣ ਕੇ ਹੋਰ ਸਬਜ਼ੀਆਂ ਪ੍ਰੇਸ਼ਾਨੀ ਵਿੱਚ ਸੀ, ਕੁਝ ਸ਼ਰਮਿੰਦਾ ਵੀ। ਉਨ੍ਹਾਂ ਨੂੰ ਸਮਝ ਨਹੀਂ ਆ ਰਿਹਾ ਸੀ ਕਿ ਖਾਮੀ ਕਿੱਥੇ ਹੈ? ਵਿਵਸਥਾ ਤੇ ਵੰਡ ਵਿੱਚ ਜਾਂ ਪਿਆਜ਼ ਅਤੇ ਟਮਾਟਰ ਦੇ ਐਟੀਚਿਊਟ ਵਿੱਚ? ਫਿਲਹਾਲ ਪਿਆਜ਼ ਅਤੇ ਟਮਾਟਰ ਦੀ ਵਧਦੀ ਟੀ ਆਰ ਪੀ ਦੇਖ ਕੇ ਕੁਝ ਘੁਸਰ-ਮੁਸਰ ਜ਼ਰੂਰ ਹੋਣ ਲੱਗੀ।

ਬੈਂਗਣ ਨੇ ਹਰੀ ਮਿਰਚ ਨੂੰ ਕਿਹਾ, "ਕਦੇ ਸਾਡੇ ਵੀ ਦਿਨ ਫਿਰਨਗੇ ਜਾਂ ਸਾਨੂੰ ਇਸੇ ਤਰ੍ਹਾਂ ਰਹਿਣਾ ਪਵੇਗਾ, ਘਰ ਦੀਆਂ ਕਿਆਰੀਆਂ ਵਿੱਚ...?"

ਹਉਕਾ ਭਰਦੇ ਹੋਏ ਕੱਦੂ ਬੋਲਿਆ, "ਭੈਣ, ਸਾਰਿਆਂ ਦੀ ਕਿਸਮਤ ਇੱਕੋ ਜਿਹੀ ਨਹੀਂ ਹੁੰਦੀ, ਇਹ ਦੋਵੇਂ ਸ਼ੁਰੂ ਤੋਂ ਹੀ 'ਲਾਈਮਲਾਈਟ' ਵਿੱਚ ਰਹੇ ਹਨ, ਕੋਈ ਕੀ ਕਰੇ। ਸਾਰੇ ਇੱਕ ਮਿੱਟੀ ਤੋਂ ਪੈਦਾ ਹੁੰਦੇ ਹਾਂ, ਪਰ ਸਾਰਿਆਂ ਨੂੰ ਵੱਖ-ਵੱਖੇ ਸਮਾਂ ਨਸੀਬ ਹੁੰਦਾ ਹੈ।"

## ਮਿੰਨੀ ਕਹਾਣੀਆਂ

### ਜ਼ਮੀਰ ਦਾ ਸੀ ਸੀ ਟੀ ਵੀ

ਸਵੇਰੇ ਸੈਰ ਦੌਰਾਨ ਇੱਕ ਦਿਨ ਸਵੇਰੇ ਮੈਂ ਦੇਖਿਆ, ਦੁੱਧ ਵੇਚਣ ਵਾਲਾ ਚੰਪੂ ਆਪਣੀ ਗਊਸ਼ਾਲਾ ਦੇ ਬਾਹਰ ਦੁੱਧ ਨਾਲ ਭਰੀ ਬਾਲਟੀ ਨੂੰ ਜ਼ਮੀਨ ਉੱਤੇ ਡੋਲ ਰਿਹਾ ਸੀ। ਮੈਨੂੰ ਕੁਝ ਅਜੀਬ ਜਿਹਾ ਲੱਗਾ। ਮੈਂ ਉਸ ਤੋਂ ਪੁੱਛਿਆ, "ਓ ਚੰਪੂ, ਪੂਰੀ ਬਾਲਟੀ ਦੁੱਧ ਕਿਉਂ ਡੋਲ ਰਿਹਾ ਏਂ?"

ਉਸ ਨੇ ਨਿਰਾਸ਼ ਹੋ ਕੇ ਕਿਹਾ, "ਮੈਂ ਹੁਣੇ-ਹੁਣੇ ਧਾਰ ਕੱਢ ਕੇ ਲਿਆਇਆ ਸੀ ਅਤੇ ਭਰੀ ਬਾਲਟੀ ਨੂੰ ਢੱਕਣ ਲਗਾਉਣਾ ਭੁੱਲ ਗਿਆ। ਮੈਨੂੰ ਕਿਸੇ ਕੰਮ ਕਾਰਨ ਰਸੋਈ ਵਿੱਚ ਜਾਣਾ ਪਿਆ। ਜਦ ਵਾਪਸ ਆਇਆ ਤਾਂ ਦੇਖਿਆ ਕਿ ਬਿੱਲੀ ਦੁੱਧ ਪੀ ਰਹੀ ਹੈ। ਬਿੱਲੀ ਦਾ ਜੂਠਾ ਦੁੱਧ ਤਾਂ ਨਹੀਂ ਵੇਚ ਸਕਦਾ।"

ਮੈਂ ਕਿਹਾ, "ਤੂੰ ਕਮਾਲ ਕਰਦਾ ਏਂ ਚੰਪੂ, "ਉਸ ਸਮੇਂ ਬਿੱਲੀ ਨੂੰ ਦੁੱਧ ਪੀਂਦੇ ਤਾਂ ਕਿਸੇ ਨੇ ਨਹੀਂ ਦੇਖਿਆ। ਕਿਸ ਨੂੰ ਪਤਾ ਕਿ ਤੇਰਾ ਦੁੱਧ ਬਿੱਲੀ ਨੇ ਪੀਤਾ ਹੈ? ਤੂੰ ਬੇਕਾਰ ਹੀ ਆਪਣਾ ਇੰਨਾ ਨੁਕਸਾਨ ਕਰ ਦਿੱਤਾ।"

ਮੇਰੀ ਗੱਲ ਸੁਣ ਕੇ ਚੰਪੂ ਬੋਲਿਆ, "ਮੈਨੂੰ ਪਤਾ ਹੈ, ਸਰ ਜੀ ਅਤੇ ਉਸ ਨੀਲੀ ਛੱਤਰੀ ਵਾਲੇ ਨੂੰ ਵੀ ਸਭ ਪਤਾ ਹੈ। ਜ਼ਿੰਦਗੀ ਭਰ ਈਮਾਨਦਾਰੀ ਦੀ ਖਾਧੀ ਹੈ। ਕਦੇ ਦੁੱਧ ਵਿੱਚ ਜ਼ਰਾ ਜਿੰਨਾ ਵੀ ਪਾਣੀ ਨਹੀਂ ਮਿਲਾਇਆ। ਬੇਈਮਾਨੀ ਦੇ ਪਕਵਾਨ ਨਾਲੋਂ ਗਰੀਬੀ ਦੀ ਰੋਟੀ ਭਲੀ ਹੈ, ਸਰ ਜੀ।"

ਮੈਂ ਹੈਰਾਨ ਸੀ ਕਿ ਦੁੱਧ ਵਿੱਚ ਪਾਣੀ ਅਤੇ ਕਾਲੇ ਵਿੱਚ ਦਾਲ ਵਾਲੇ ਸੀ ਸੀ ਟੀ ਵੀ ਦੇ ਇਸ ਜ਼ਮਾਨੇ ਵਿੱਚ ਇਸ ਗਰੀਬ ਨੇ ਆਪਣੀ ਗਰੀਬੀ, ਨਿਰਾਸ਼ਾ ਅਤੇ ਨੁਕਾਸਨ ਨੂੰ ਆਪਣੇ ਜ਼ਮੀਰ ਉੱਤੇ ਹਾਵੀ ਨਹੀਂ ਹੋਣ ਦਿੱਤਾ। ਜਦ ਇਹ ਘਟਨਾ ਯਾਦ ਆਉਂਦੀ ਹੈ ਤਾਂ ਉਸ ਦੁੱਧ ਵਾਲੇ ਨੂੰ ਮਨ ਹੀ ਮਨ ਸਲਾਮ ਕਰਦਾ ਹਾਂ। ਸ਼ੁੱਧ ਸਫੈਦ ਦੁੱਧ ਦੀ ਤਰ੍ਹਾਂ ਦੀ ਇਮਾਨਦਾਰੀ ਦੇ ਸਾਹਮਣੇ ਕਈ ਵੱਡੇ ਵੱਡੇ ਮੰਤਰੀ, ਨੇਤਾ, ਅਭਿਨੇਤਾ, ਸਾਧੂ-ਬਾਬੇ ਅਤੇ ਨੌਕਰਸ਼ਾਹ ਛੋਟੇ ਲੱਗ ਰਹੇ ਸਨ। ਜ਼ਮੀਰ ਤੋਂ ਵੱਡਾ ਕੋਈ ਸੀ ਸੀ ਟੀ ਵੀ ਕੈਮਰਾ ਨਹੀਂ।

-ਜਗਦੀਸ਼ ਬਾਲੀ

****

### ਮੌਤ ਦਾ ਸੱਚ

ਦੋਸਤ ਦੇ ਪਿਤਾ ਜੀ ਦੇ ਅੰਤਿਮ ਸੰਸਕਾਰ ਲਈ ਸ਼ਮਸ਼ਾਨ ਘਾਟ ਜਾਣਾ ਪਿਆ। ਮੇਰਾ ਕਾਫੀ ਪੱਕਾ ਦੋਸਤ ਸੀ, ਅਸੀਂ ਸਾਰਿਆਂ ਨੇ ਸੰਸਕਾਰ ਦੀ ਸਮੱਗਰੀ ਇਕੱਠੀ ਕਰਨੀ ਸੀ, ਇਸ ਲਈ ਦੋਸਤ ਨੂੰ ਬਿਨਾਂ ਦੱਸੇ ਸ਼ਮਸ਼ਾਨ ਦੇ ਨਾਲ ਲੱਗੇ ਲੱਕੜੀਆਂ ਦੇ ਟਾਲ ਤੋਂ ਲੱਕੜੀਆਂ ਲੈਣ ਚਲਾ ਗਿਆ। ਉਥੇ ਦੇਖਿਆ; ਮੁਰਾਰੀ ਖੜ੍ਹਾ ਸੀ, ਪੁਰਾਣਾ ਜਾਣੂ ਮਿੱਤਰ। ਦੇਖ ਕੇ ਮੁਸਕਰਾਇਆ ਤੇ ਬੋਲਿਆ, ਕਿਸੇ ਦੇ ਅੰਤਿਮ ਸਸਕਾਰ ਵਿੱਚ ਆਇਆ ਏਂ? ਮੈਂ ਹਾਮੀ ਭਰੀ। ਕਹਿਣ ਲੱਗਾ; ਬਹੁਤ ਦਿਨ ਬਾਅਦ ਮਿਲਿਆ ਏਂ, ਚਾਹ ਚੱਲੇਗੀ? ਮਨ੍ਹਾ ਕਰਨ ਦੇ ਬਾਅਦ ਮੈਂ ਲੱਕੜੀਆਂ ਲੈ ਕੇ, ਪੁੱਛਿਆ ਕਿੰਨੇ ਪੈਸੇ ਹੋਏ ਦੋਸਤ?"

ਉਸ ਨੇ ਕਿਹਾ ਦਾਹ ਸੰਸਕਾਰ ਕਰ ਕੇ ਆ, ਲੈ ਲਵਾਂਗਾ। ਮੈਨੂੰ ਹੈਰਾਨੀ ਹੋਈ, ਪੁੱਛਿਆ ਸਾਰਿਆਂ ਦੇ ਨਾਲ ਇੰਝ ਹੀ ਕਰਦੈਂ ਕਿ ਮੇਰੇ ਨਾਲ ਹੀ ਇਹ ਰਿਆਇਤ ਹੈ। ਉਹ ਬੋਲਿਆ ਨਹੀਂ ਜ਼ਿਆਦਾਤਰ ਸਾਰਿਆਂ ਦੇ ਨਾਲ ਅਜਿਹਾ ਕਰਦਾ ਹਾਂ। ਮੈਂ ਪੁੱਛਿਆ ਕਿ ਫਿਰ ਕੋਈ ਵਾਪਸ ਆਉਂਦਾ ਹੈ ਪੈਸਾ ਦੇਣ? ਨਹੀਂ ਆਇਆ ਤਾਂ ਕੀ ਕਰਦਾ ਏਂ, ਘਾਟਾ ਹੋ ਜਾਂਦਾ ਹੋਵੇਗਾ। ਉਸਨੇ ਸਪੱਸ਼ਟ ਲਹਿਜ਼ੇ ਵਿੱਚ ਜਵਾਬ ਦਿੱਤਾ, ਨਹੀਂ ਅਜਿਹਾ ਨਹੀਂ ਹੁੰਦਾ, ਦੋ-ਚਾਰ ਲੋਕ ਅਜਿਹੇ ਹਨ, ਜੋ ਨਹੀਂ ਦੇ ਜਾਂਦੇ। ਮੈਂ ਉਤਸ਼ਾਹ ਵਸ ਕਿਹਾ, ਤਾਂ ਪੈਸੇ ਡੁੱਬ ਜਾਂਦੇ ਹੋਣਗੇ, ਉਧਾਰੀ ਵਾਪਸ ਨਹੀਂ ਆਉਂਦੀ ਹੋਵੇਗੀ।

ਉਸ ਨੇ ਕਿਹਾ, ਕੁਝ ਬਾਅਦ ਵਿੱਚ ਦੇ ਕੇ ਜਾਂਦੇ ਹਨ, ਪਰ ਉਧਾਰੀ ਡੁੱਬਦੀ ਨਹੀਂ, ਇਹ ਸ਼ਮਸ਼ਾਨਘਾਟ ਹੈ। ਅਖੀਰ ਵਿੱਚ ਸਭ ਨੇ ਇਥੇ ਹੀ ਆਉਣਾ ਹੈ, ਉਹ ਨਹੀਂ ਦੇਵੇਗਾ ਤਾਂ ਉਸ ਦੇ ਰਿਸ਼ਤੇਦਾਰ ਦੇ ਜਾਣਗੇ, ਇਹ ਘਾਟੇ ਦਾ ਵਪਾਰ ਨਹੀਂ ਹੈ, ਕਿਉਂਕਿ ਮੌਤ ਸਾਰਿਆਂ ਨੂੰ ਇੱਕ ਦਿਨ ਆਉਣੀ ਹੈ, ਅਤੇ ਸ਼ਮਸ਼ਾਨ ਵੀ ਸਭ ਨੂੰ ਆਉਣਾ ਪੈਣਾ ਹੈ, ਕੋਈ ਪੈਸਾ ਦਿੱਤੇ ਬਿਨਾਂ ਬਚ ਨਹੀਂ ਸਕਦਾ, ਇਹ ਧੰਦਾ ਫਾਇਦੇ ਦਾ ਹੈ, ਅਜਿਹਾ ਕਹਿ ਕੇ ਉਹ ਖਿੜਖਿੜਾ ਕੇ ਹੱਸ ਪਿਆ।

-ਸੰਜੀਵ ਠਾਕੁਰ, ਰਾਏਪੁਰ

# ਸਿੰਘੂ ਬਾਰਡਰ ਤੇ ਲੋਹੜੀ ਦੀ ਰਾਤ

-ਸੁਰਜੀਤ ਪਾਤਰ

ਸਿੰਘੂ ਬਾਰਡਰ ਉੱਤੇ ਲੋਹੜੀ ਦੀ ਰਾਤ ਹਜ਼ਾਰਾਂ ਧੂਣੀਆਂ ਬਲ ਰਹੀਆਂ ਨੇ। ਪੁਰਾਣੇ ਗੀਤਾਂ ਨਾਲ ਨਵੇਂ ਰੰਗ ਘੁਲ ਰਹੇ ਹਨ :

*ਆਈਆਂ ਕੁੜੇ ਅਸੀਂ ਆਈਆਂ ਕੁੜੇ*
*ਅਸੀਂ ਦਿੱਲੀ ਦੇ ਧਰਨੇ ਉੱਤੇ ਆਈਆਂ ਕੁੜੇ*
*ਸਭ ਭੈਣਾਂ ਤੇ ਭਰਜਾਈਆਂ ਕੁੜੇ*
*ਸਾਡੇ ਨਾਲ ਚਾਚੀਆਂ ਤਾਈਆਂ ਕੁੜੇ*
*ਸਭ ਧੀਆਂ ਬੇਬੇ ਮਾਈਆਂ ਕੁੜੇ*

*******

ਦਿੱਲੀ ਤਖਤ ਉੱਤੇ ਸੁੱਤਾ ਕੌਣ ਕੁੜੇ
ਉਹਨੂੰ ਸੁੱਤੇ ਨੂੰ ਜਗਾਵੇ ਕੌਣ ਕੁੜੇ
ਉਹਨੂੰ ਸੁੱਤੇ ਨੂੰ ਜਗਾਵੇ ਸਾਡਾ ਰੋਸ ਕੁੜੇ
ਸਾਡਾ ਰੋਸ ਲਿਆਵੇ ਉਹਨੂੰ ਹੋਸ਼ ਕੁੜੇ

ਮਜ਼ੇ ਦੀ ਗੱਲ ਇਹ ਹੈ ਕਿ ਇਹ ਨਵੇਂ ਰੰਗ ਮਾਂਟਰੀਅਲ (ਕੈਨੇਡਾ) ਤੋਂ ਹਰਜਿੰਦਰ ਸਿੰਘ ਪੱਤੜ ਹੋਰਾਂ ਰਲਾ ਕੇ ਭੇਜੇ। ਦੇਖੋ ਤਾਂ ਕੌਣ-ਕੌਣ ਸ਼ਾਮਲ ਹੈ ਇਸ ਮਹਾ ਲਹਿਰ ਵਿੱਚ।

ਇੱਕ ਧੂਣੀ ਦੇ ਦੁਆਲੇ ਇੱਕ ਪਰਵਾਰ ਆਪਣੇ ਬੱਚੇ ਦੀ ਪਹਿਲੀ ਲੋਹੜੀ ਮਨਾਉਣ ਏਥੇ ਆਇਆ ਹੈ। ਬੱਚੇ ਦਾ ਰੱਬੀ ਮੁਖੜਾ ਧੂਣੀ ਦੀ ਲੋਅ ਵਿੱਚ ਮੁਸਕਰਾ ਰਿਹਾ ਹੈ। ਇਹ ਸਭ ਕੁਝ ਇਸ ਅੰਦੋਲਨ ਨੂੰ ਪਾਵਨ ਬਣਾ ਰਿਹਾ ਹੈ। ਇਸ ਨੂੰ ਪਾਵਨ ਬਣਾਈ ਰੱਖਣ ਵਿੱਚ ਕਿਸਾਨ ਆਗੂਆਂ ਦੀ ਅਗਵਾਈ ਦੀ ਸੁਘੜਤਾ, ਨਿਮਰਤਾ ਤੇ ਦੂਰ ਦ੍ਰਿਸ਼ਟੀ ਵੀ ਸ਼ਾਮਲ ਹੈ ਤੇ ਸਾਡੇ ਇਤਿਹਾਸ ਦੀਆਂ ਉਹ ਯਾਦਗਾਰੀ ਸ਼ਾਂਤਮਈ ਲਹਿਰਾਂ ਸ਼ਾਮਲ ਹਨ, ਜਿਨ੍ਹਾਂ ਤੋਂ ਸੀ ਐੱਫ ਐਂਡਰਿਊਜ਼ ਜਿਹੇ ਈਸਾਈ ਮਿਸ਼ਨਰੀ ਵੀ ਵਾਰੇ-ਵਾਰੇ ਜਾਂਦੇ ਸਨ ਤੇ ਮਹਾਤਮਾ ਗਾਂਧੀ ਨੇ ਵੀ ਤਾਰ ਭੇਜੀ ਸੀ ਕਿ ਤੁਹਾਡੇ ਸਦਕਾ ਆਪਾਂ ਆਜ਼ਾਦੀ ਦੀ ਪਹਿਲੀ ਲੜਾਈ ਜਿੱਤ ਲਈ ਹੈ।

ਇਸ ਲੋਹੜੀ ਉੱਤੇ ਦੁੱਲਾ ਭੱਟੀ ਵੀ ਯਾਦ ਆਇਆ ਜਿਹੜਾ ਮੁਸਲਮਾਨ ਸੀ, ਪਰ ਉਸ ਨੇ ਇੱਕ ਗਰੀਬ ਹਿੰਦੂ ਦੀ ਮਦਦ ਉੱਤੇ ਬਹੁੜ ਕੇ ਆਪਣੇ ਹੱਥੀਂ ਉਸ ਦੀ ਧੀ ਦਾ ਡੋਲਾ ਤੋਰਿਆ ਸੀ, ਜਿਸ ਧੀ ਨੂੰ ਅਮੀਰ ਜਗੀਰਦਾਰ ਖੋਹ ਕੇ ਲਿਜਾਣਾ ਚਾਹੁੰਦਾ ਸੀ :

*ਸੁੰਦਰ ਮੁੰਦਰੀਏ ਹੋ*
*ਤੇਰਾ ਕੌਣ ਵਿਚਾਰਾ ਹੋ*
*ਦੁੱਲਾ ਭੱਟੀ ਵਾਲਾ ਹੋ*
*ਦੁੱਲੇ ਧੀ ਵਿਆਹੀ ਹੋ*
*ਸੇਰ ਸ਼ੱਕਰ ਪਾਈ ਹੋ...*

ਧੀਆਂ, ਮਾਵਾਂ, ਭੈਣਾਂ, ਨਾਰਾਂ ਦੀ ਸ਼ਮੂਲੀਅਤ ਨੇ ਇਸ ਲਹਿਰ ਦੀ ਪਾਵਨਤਾ, ਗੌਰਵ ਤੇ ਸ਼ਾਲੀਨਤਾ ਵਿੱਚ ਬੇਹੱਦ ਵਾਧਾ ਕੀਤਾ ਹੈ। ਇਸ ਪਾਵਨਤਾ, ਗੌਰਵ ਤੇ ਸ਼ਾਲੀਨਤਾ ਤੋਂ ਡਾਢਿਆਂ ਨੂੰ ਡਰ ਲੱਗਦਾ ਹੈ। ਜਿਵੇਂ ਇਹ ਕੋਈ ਉੱਜਲਾ ਸ਼ੀਸ਼ਾ ਹੋਵੇ, ਜਿਸ ਵਿੱਚ ਉਨ੍ਹਾਂ ਨੂੰ ਆਪਣਾ ਤੁਹਮਤਾਂ ਲਾਉਣ ਵਾਲਾ ਮਨਹੂਸ ਚਿਹਰਾ ਦਿਸਦਾ ਹੋਵੇ। ਉਹ ਕਹਿੰਦੇ ਜਾਪਦੇ ਹਨ :

*ਉੱਜਲੇ ਸ਼ੀਸ਼ੇ ਸਨਮੁਖ ਮੈਨੂੰ ਚਿਰ ਤੱਕ ਨਾ ਖਲ੍ਹਿਆਰ*
*ਮੈਲੇ ਮਨ ਵਾਲੇ ਮੁਜਰਿਮ ਨੂੰ ਇਸ ਮੌਤੇ ਨਾ ਮਾਰ*

ਲੰਗਰ ਦੀ ਲੋਹ ਉੱਤੇ ਰੋਟੀਆਂ ਪਕਾਉਂਦੀਆਂ ਉਹ ਕੋਈ ਪਾਵਨ ਯੱਗ ਕਰਦੀਆਂ ਲੱਗਦੀਆਂ ਹਨ। ਇਨ੍ਹਾਂ ਦੇਵੀਆਂ ਦੀ ਹਜ਼ੂਰੀ ਵਿੱਚ ਸ਼ਾਲੀਨਤਾ ਦਾ ਪ੍ਰਕਾਸ਼ ਹੁੰਦਾ ਹੈ। ਇੱਕ ਨਿੱਕੀ ਜਿਹੀ ਨਜ਼ਮ ਯਾਦ ਆਉਂਦੀ ਹੈ :

*ਇੱਕ ਚੰਦ*
*ਅਤੇ ਇੱਕ ਸੂਰਜ*
*ਇੱਕ ਤੇਰਿਆਂ ਹੱਥਾਂ ਦੀ ਰੋਟੀ*

ਉਹ ਸਿਰਫ ਰੋਟੀਆਂ ਹੀ ਨਹੀਂ ਪਕਾਉਂਦੀਆਂ। ਰੋਟੀਆਂ ਤਾਂ ਉਨ੍ਹਾਂ ਨਾਲ ਰਲ ਕੇ ਗੱਭਰੂ ਵੀ ਪਕਾਉਂਦੇ ਹਨ। ਜਦੋਂ ਕੋਈ ਪੱਤਰਕਾਰ ਉਨ੍ਹਾਂ ਨਾਲ ਗੱਲ ਕਰਦਾ ਹੈ ਤਾਂ ਬਹੁਤ ਸੁਘੜ ਸੱਚੇ ਤੇ ਕਰਾਰੇ ਜਵਾਬ ਦਿੰਦੀਆਂ ਹਨ। ਟਿਕਰੀ ਬਾਰਡਰ ਉੱਤੇ ਇੱਕ ਮੁਟਿਆਰ ਨੇ ਇੱਕ ਸ਼ਿਅਰ ਸੁਣਾ ਕੇ ਪੱਤਰਕਾਰ ਨੂੰ ਲਾਜਵਾਬ ਕਰ ਦਿੱਤਾ :

*ਮੈਂ ਜਬ ਦਿਨ ਕੋ ਦਿਨ ਬੋਲੂੰ ਤੋ*
*ਮੈਂ ਜਬ ਰਾਤ ਰਾਤ ਕੋ ਰਾਤ ਕਹੂੰ,*
*ਮੁਝ ਸੇ ਖਫ਼ਾ ਕਿਉਂ ਹੋ ਜਾਤੇ ਹੋ*
*ਮੈਂ ਜਬ ਮਨ ਕੀ ਬਾਤ ਕਹੂੰ*

ਕਮਾਲ ਦੀ ਗੱਲ ਹੈ ਕਿ ਸਾਨੂੰ ਰਾਣੀ ਝਾਂਸੀ ਅਤੇ ਲਕਸ਼ਮੀ ਬਾਈ ਘੋੜਿਆਂ ਤੇ ਚੜ੍ਹ ਕੇ ਜੰਗ ਲੜਦੀਆਂ ਗੌਰਵਸ਼ਾਲੀ ਲੱਗਦੀਆਂ ਹਨ, ਪਰ ਅੱਜ ਦੀਆਂ ਧੀਆਂ ਜੇ ਇੱਕ ਸ਼ਾਂਤਮਈ ਅੰਦੋਲਨ ਵਿੱਚ ਟਰੈਕਟਰ ਚਲਾਉਣ ਦੀ ਗੱਲ ਕਰਦੀਆਂ ਹਨ ਤਾਂ ਅਜੀਬ ਲੱਗਦਾ ਹੈ। ਅਸੀਂ ਖੁਸ਼ੀ ਨਾਲ ਐਲਾਨ ਕਰਦੇ ਹਾਂ ਕਿ ਭਾਰਤੀ ਔਰਤਾਂ ਥਲ ਸੈਨਾ ਵਿੱਚ ਵੀ ਭਰਤੀ ਹੋਣਗੀਆਂ, ਪਰ ਇਨ੍ਹਾਂ ਔਰਤਾਂ ਨੂੰ ਅਸੀਂ ਸ਼ਾਂਤਮਈ ਬਾਰਡਰਾਂ ਤੋਂ ਘਰ ਮੁੜ ਜਾਣ ਦੀ ਸਲਾਹ ਦੇਂਦੇ ਹਾਂ।

ਜਿਸ ਦਿਨ ਟੀ ਵੀ ਉੱਤੇ ਇਹ ਚਰਚਾ ਹੋ ਰਹੀ ਸੀ, ਸਬੱਬੀਂ ਉਹ ਦਿਨ ਮਾਘੀ ਦਾ ਦਿਨ ਸੀ। ਜਦੋਂ ਚਾਲੀ ਸਿੰਘ ਖਿਦਰਾਣੇ



ਦੀ ਢਾਬ ਉੱਤੇ ਲੜ ਕੇ ਸ਼ਹੀਦ ਹੋਏ। ਇਹ ਓਹੀ ਸਿੰਘ ਸਨ, ਜੋ ਸ੍ਰੀ ਆਨੰਦਪੁਰ ਸਾਹਿਬ ਤੋਂ ਦਸਮ ਪਾਤਸ਼ਾਹ ਨੂੰ ਬੇਦਾਵਾ ਦੇ ਕੇ ਘਰੀਂ ਆ ਗਏ ਸਨ। ਇਨ੍ਹਾਂ ਸਿੰਘਾਂ ਨੂੰ ਮੁੜ ਕੇ ਗੁਰੂ ਨੂੰ ਅਰਪਿਤ ਹੋਣ ਲਈ ਇੱਕ ਬਹਾਦਰ ਧੀ ਮਾਈ ਭਾਗੋ ਦੇ ਬੋਲਾਂ ਨੇ ਹੀ ਪ੍ਰੇਰਿਆ ਸੀ:

*ਖ਼ੌਫ ਸੰਗ ਮਰਿਆਂ ਲਈ ਇਹ ਬੋਲ ਅੰਮ੍ਰਿਤ ਹੋ ਗਏ*
*ਸ਼ਬਦ-ਬਾਣਾਂ ਨਾਲ ਉਹ ਸਭ ਫੇਰ ਜੀਵਿਤ ਹੋ ਗਏ*
*ਟੁੱਟ ਗਏ ਸਨ ਜੋ ਕਦੀ, ਇਕਰਾਰ ਸਾਬਿਤ ਹੋ ਗਏ*
*ਸਤਿਗੁਰੂ ਦੇ ਪਿਆਰ ਨੂੰ ਉਹ ਫੇਰ ਅਰਪਿਤ ਹੋ ਗਏ*

ਗਾਜ਼ੀਪੁਰ ਬਾਰਡਰ ਉੱਤੇ ਅੰਤਰਰਾਸ਼ਟਰੀ ਸ਼ੂਟਰ ਪੂਨਮ ਪੰਡਤ ਦੀ ਮੌਜੂਦਗੀ, ਉਹਦੇ ਬੋਲਾਂ ਦੀ ਬਹੁਪੱਖ ਬੁਲੰਦੀ, ਉਹਦੀ ਹਾਜ਼ਰ ਜਵਾਬੀ, ਦਲੇਰੀ, ਦ੍ਰਿੜਤਾ ਤੇ ਆਵਾਜ਼ ਦੀ ਉੱਚੀ-ਸੁੱਚੀ ਸੁਰ ਦੇਖਣ ਸੁਣਨ ਵਾਲੀ ਹੈ। ਉਹ ਜਦੋਂ ਬਹੁਤ ਸੁਚੇਤ ਹੋ ਕੇ ਬੋਲਦੀ ਹੈ ਤਾਂ ਕਿਤਾਬੀ ਹਿੰਦੀ ਬੋਲਦੀ ਹੈ, ਪਰ ਜਦੋਂ ਉਹ ਜਦੋਂ ਭਾਵਨਾ ਤੇ ਵਿਵੇਕ ਦੀ ਸਿਖਰ ਵੱਲ ਤੁਰਦੀ ਹੈ ਤਾਂ ਉਹ ਦੇ ਮੁੱਖ ਤੋਂ ਖੂਬਸੂਰਤ ਬ੍ਰਜ ਭਾਸ਼ਾ ਮੁਖਰਿਤ ਹੁੰਦੀ ਹੈ। ਉਹ ਕਿਸਾਨਾਂ ਨੂੰ ਕਿਸਾਨਨ ਕਹਿੰਦੀ ਹੈ, ਉਸ ਦੀ ਬੋਲੀ ਵਿੱਚ ਕਾਨੂੰਨ ਦਾ ਬਹੁਵਚਨ ਕਾਨੂੰਨਨ ਹੈ। ਹੋਵੇਗਾ ਨੂੰ ਹੋਗ ਕਹਿੰਦੀ ਹੈ। ਉਸ ਨੂੰ ਸੁਣ ਕੇ ਗੁਰਬਾਣੀ ਯਾਦ ਆਉਂਦੀ ਹੈ :

*ਤਵ ਚਰਨਨ ਮਨ ਰਹੈ ਹਮਾਰਾ॥*
*ਅਪਨਾ ਜਾਨ ਕਰੋ ਪ੍ਰਤਿਪਾਰਾ॥*

**********

*ਮੇਰੈ ਮਾਥੈ ਲਾਗੀ ਲੇ ਧੂਰਿ ਗੋਬਿਦ ਚਰਨਨ ਕੀ॥...*
*ਜੋ ਕਿਛੁ ਕਰੇ ਸੋਈ ਪਰੁ ਹੋਗ॥*

ਪੂਨਮ ਨੂੰ ਕਿਸੇ ਪੱਤਰਕਾਰ ਨੇ ਪੁੱਛਿਆ: ਆਪ ਯਹਾਂ ਕਿਊਂ ਆਏ? ਉਹ ਕਹਿਣ ਲੱਗੀ: ਧਰਮ ਬਨਤਾ ਹਮਾਰੋ। ਇਤਨੇ ਕਿਸਾਨਨ ਕੀ ਸ਼ਹਾਦਤ ਹੋਇ ਗਈ, ਅਬ ਭੀ ਮੁੱਦੇ ਸੰਸ਼ੋਧਨ ਪੈ ਲਟਕ ਜਾਵੈਂ? ਇੱਕ ਪੱਤਰਕਾਰ ਨੇ ਪੁੱਛਿਆ: ਸ਼ਾਦੀ ਕਬ ਕਰਵਾਓਗੇ? ਪੂਨਮ ਕਹਿਣ ਲੱਗੀ: ਕਰੇਂਗੇ ਸ਼ਾਦੀ ਵਾ ਦਿਨ ਜਬ ਕਿਸਾਨਨ, ਜੀਤ ਕੇ ਘਰ ਜਾਵੈ...

ਕਈ ਨਵੀਆਂ ਗੱਲਾਂ ਦਾ ਜਵਾਬ ਪੁਰਾਣੇ ਸ਼ਿਅਰਾਂ ਵਿੱਚ ਲਿਖਿਆ ਲਿਖਾਇਆ ਮਿਲ ਜਾਂਦਾ ਹੈ। ਕਿਉਂਕਿ ਝੂਠ ਨਿੱਤ ਬਦਲਦਾ ਰਹਿੰਦਾ ਹੈ, ਪਰ ਸੱਚ ਪੁਰਾਣਾ ਨਹੀਂ ਹੁੰਦਾ। ਗੁਰਵਾਕ ਹੈ :

*ਸਚੁ ਪੁਰਾਣਾ ਨਾ ਥੀਐ ਨਾਮੁ ਨ ਮੈਲਾ ਹੋਇ॥*

ਕਿਸਾਨ ਆਗੂ ਸ਼ੁਰੂ ਤੋਂ ਹੀ ਕਿਸੇ ਕਮੇਟੀ ਦੇ ਬਣਾਏ ਜਾਣ ਦੇ ਹੱਕ ਵਿੱਚ ਨਹੀਂ ਸਨ। ਉਨ੍ਹਾਂ ਨੂੰ ਤੌਖਲਾ ਸੀ ਕਿ ਸਰਕਾਰ ਉਨ੍ਹਾਂ ਹਸਤੀਆਂ ਦੀ ਕਮੇਟੀ ਬਣਾਏਗੀ, ਜਿਹੜੇ ਸਰਕਾਰ ਨੂੰ ਸਹੀ ਸਾਬਿਤ ਕਰਨਗੇ। ਫਿਰ ਸਰਕਾਰ ਨੇ ਕਮੇਟੀ ਬਣਾਉਣ ਦਾ ਕੰਮ ਸੁਪਰੀਮ ਕੋਰਟ ਕੋਲੋਂ ਕਰਵਾਉਣ ਦਾ ਹੀਲਾ ਬਣਾ ਲਿਆ। ਕਿਸਾਨਾਂ ਨੇ ਕਮੇਟੀ ਬਣਾਉਣ ਤੋਂ ਪਹਿਲਾਂ ਹੀ ਕਮੇਟੀ ਅੱਗੇ ਪੇਸ਼ ਨਾ ਹੋਣ ਦਾ ਐਲਾਨ ਕਰ ਦਿੱਤਾ। ਸੁਪਰੀਮ ਕੋਰਟ ਵੱਲੋਂ ਬਣਾਈ ਕਮੇਟੀ ਦੇ ਨਾਂਅ ਸਾਹਮਣੇ ਆਏ ਤਾਂ ਕਿਸਾਨਾਂ ਦਾ ਤੌਖਲਾ ਸੱਚ ਨਿਕਲਿਆ। ਇਸ ਕਮੇਟੀ ਦੇ ਕੁਝ ਮੈਂਬਰ ਇਨ੍ਹਾਂ ਤਿੰਨਾਂ ਕਾਨੂੰਨਾਂ ਨੂੰ ਖੇਤੀ ਦੀਆਂ ਸਭ ਮਰਜ਼ਾਂ ਦਾ ਇਲਾਜ ਸਮਝਦੇ ਹਨ। ਇਹ ਕਮੇਟੀ ਕੀ ਫੈਸਲਾ ਕਰੇਗੀ, ਇਹ ਸਭ ਨੂੰ ਪਹਿਲਾਂ ਹੀ ਪਤਾ ਲੱਗ ਗਿਆ। ਇਸ ਸਥਿਤੀ ਬਾਰੇ ਮਸ਼ਹੂਰ ਖੇਤੀ ਮਾਹਰ ਦੇਵਿੰਦਰ ਸ਼ਰਮਾ ਨੇ ਮਿਰਜ਼ਾ ਗਾਲਿਬ ਨੂੰ ਕੋਟ ਕੀਤਾ ਤਾਂ ਇਉਂ ਲੱਗਾ ਜਿਵੇਂ ਮਿਰਜ਼ਾ ਗਾਲਿਬ ਵੀ ਕਿਸਾਨਾਂ ਦੀ ਲਹਿਰ ਦੇ ਹੱਕ ਵਿੱਚ ਆ ਖੜ੍ਹੇ। ਮਿਰਜ਼ਾ ਗਾਲਿਬ ਕਹਿੰਦੇ ਹਨ: ਮੈਨੂੰ ਪਹਿਲਾਂ ਹੀ ਪਤਾ ਹੈ ਉਸ ਨੇ ਮੇਰੇ ਖ਼ਤ ਦਾ ਕੀ ਜਵਾਬ ਦੇਣਾ ਹੈ, ਸੋ ਮੈਂ ਕਾਸਿਦ ਦੇ ਆਉਣ ਤੱਕ ਅਗਲਾ ਖ਼ਤ ਵੀ ਲਿਖ ਹੀ ਲਵਾਂ :

*ਕਾਸਿਦ ਕੇ ਆਤੇ ਆਤੇ ਇੱਕ ਖ਼ਤ ਔਰ ਲਿਖ ਰਖੇਂ*
*ਹਮ ਕੋ ਪਤਾ ਹੈ ਕਿ ਕਯਾ ਵੋ ਲਿਖੇਂਗੇ ਜਵਾਬ ਮੇਂ*

ਸਾਨੂੰ ਸਭ ਨੂੰ ਵੀ ਪਹਿਲਾਂ ਹੀ ਪਤਾ ਹੈ ਕਿ ਕਮੇਟੀ ਨੇ ਕੀ ਕਹਿਣਾ ਹੈ। ਸੋ ਅਸੀਂ ਵੀ ਆਪਣੀ ਅਗਲੀ ਤਿਆਰੀ ਜਾਰੀ ਰੱਖੀਏ। ਇਸ ਸਥਿਤੀ ਨੂੰ ਬਿਆਨ ਕਰਨ ਲਈ ਅਮੀਰ ਕਜ਼ਲਬਾਸ਼ ਦੇ ਸ਼ਿਅਰ ਵੀ ਐਨ ਮੌਕੇ ਉੱਤੇ ਬਹੁੜ ਪਏ:

*ਉਸੀ ਕਾ ਸ਼ਹਿਰ, ਵਹੀ ਮੁਦੱਈ, ਵਹੀ ਮੁਨਸਿਫ,*
*ਹਮੇਂ ਯਕੀਂ ਥਾ ਹਮਾਰਾ ਕਸੂਰ ਨਿਕਲੇਗਾ*

*****

ਉਸ ਆਸਤੀਨ ਸੇ ਆਂਖੋਂ ਕੋ ਪੋਂਛਨੇ ਵਾਲੇ
ਉਸ ਆਸਤੀਨ ਸੇ ਖ਼ੰਜਰ ਜ਼ਰੂਰ ਨਿਕਲੇਗਾ

ਪਰ ਅਮੀਰ ਕਜ਼ਲਬਾਸ਼ ਦੀ ਇਸੇ ਗ਼ਜ਼ਲ ਵਿੱਚ ਇੱਕ ਆਦਿ ਜੁਗਾਦੀ ਧਰਵਾਸ ਵੀ ਹੈ ਕਿ ਓੜਕ ਸੱਚ ਦੀ ਜਿੱਤ ਹੋਵੇਗੀ। ਇਸ ਹਨ੍ਹੇਰੀ ਰਾਤ ਵਿੱਚੋਂ ਸੂਰਜ ਜ਼ਰੂਰ ਉਦੈ ਹੋਵੇਗਾ। ਉਹ ਲਿਖਦਾ ਹੈ :

*ਮੇਰੇ ਜਨੂੰ ਕਾ ਨਤੀਜਾ ਜ਼ਰੂਰ ਨਿਕਲੇਗਾ*
*ਇਸੀ ਸਿਆਹ ਸਮੰਦਰ ਸੇ ਨੂਰ ਨਿਕਲੇਗਾ*

ਸਾਡੇ ਪ੍ਰਧਾਨ ਮੰਤਰੀ ਅਕਸਰ ਕਹਿੰਦੇ ਹਨ : ਭਾਰਤ ਵਿਸ਼ਵ-ਗੁਰੂ ਬਣੇਗਾ। ਵੈਸੇ ਇਹ ਹਉਮੈਂ ਭਰੀ ਧਾਰਨਾ ਹੈ, ਪਰ ਮੈਂ ਸੋਚਦਾ ਹਾਂ ਕਿ ਇਹ ਭਾਰਤ ਲਈ ਸੁਨਹਿਰੀ ਮੌਕਾ ਹੈ ਵਿਸ਼ਵ ਗੁਰੂ-ਬਣਨ ਦਾ। ਤਿੰਨ ਚੌਥਾਈ ਕੰਮ ਤਾਂ ਕਿਸਾਨਾਂ ਨੇ ਇੱਕ ਅਜਿਹੇ ਅੰਦੋਲਨ ਦੇ ਰੂਪ ਵਿੱਚ ਕਰ ਦਿੱਤਾ, ਜੋ ਆਪਣੀ ਸ਼ਾਂਤਮਈ ਸੂਰਬੀਰਤਾ ਸਦਕਾ, ਏਨੇ ਜ਼ਿਆਦਾ ਲੋਕਾਂ ਦੀ ਸ਼ਮੂਲੀਅਤ ਸਦਕਾ, ਏਨੀਆ ਕੁਰਬਾਨੀਆਂ ਦੇ ਬਾਵਜੂਦ ਚੜ੍ਹਦੀ ਕਲਾ ਤੇ ਖੁਸ਼ਮਿਜ਼ਾਜੀ ਦੇ ਮਾਹੌਲ ਸਦਕਾ ਤੇ ਏਨੇ ਅਰਸੇ ਵਿੱਚ ਫੈਲਣ ਸਦਕਾ ਸਾਰੀ ਦੁਨੀਆ ਲਈ ਇੱਕ ਜ਼ਿਕਰ ਯੋਗ ਮਿਸਾਲ ਬਣ ਗਿਆ ਹੈ।

ਕਿਸਾਨ ਅੰਦੋਲਨ ਵਿੱਚ ਸ਼ਾਮਲ ਇੱਕ ਸਾਬਕਾ ਫੌਜੀ ਬਜ਼ੁਰਗ ਨੇ ਕਿਹਾ : ਅਸੀਂ ਇਹਨਾਂ ਬਾਰਡਰਾਂ ਉੱਤੇ ਆਪਣੀ ਸਰਕਾਰ ਨਾਲ ਜੰਗ ਕਰਨ ਨਹੀਂ ਆਏ, ਜੰਗ ਕਰਨ ਵਾਲੇ ਬਾਰਡਰ ਹੋਰ ਹੁੰਦੇ ਹਨ, ਉਹ ਵੀ ਅਸੀਂ ਜਾਣਦੇ ਹਾਂ, ਅਸੀਂ ਤਾਂ ਆਪਣੀਆਂ ਮੰਗਾਂ ਮਨਾਉਣ ਆਏ ਹਾਂ।

ਬਲਬੀਰ ਸਿੰਘ ਰਾਜੇਵਾਲ ਨੇ ਕਿਹਾ : "ਅਸੀਂ ਚਾਹੁੰਨੇ ਆਂ ਆਪਾਂ ਜਿੱਤ ਕੇ ਵੀ ਜਾਈਏ ਤੇ ਕਿਸੇ ਮਾਂ ਦੇ ਪੁੱਤਰ ਨੂੰ ਝਰੀਟ ਵੀ ਨਾ ਆਵੇ। ਲੋਕਾਂ ਦੇ ਪੁੱਤ ਮਰਵਾਉਣੇ ਕੋਈ ਲੀਡਰੀ ਨਹੀਂ। ਸਾਨੂੰ ਦੁਨੀਆ ਦੇਖ ਰਹੀ ਹੈ। ਸਾਡੀ ਸਫਲਤਾ ਲਈ ਗੁਰਦੁਆਰਿਆਂ ਵਿੱਚ ਅਰਦਾਸਾਂ ਹੁੰਦੀਆਂ ਹਨ। ਹਿੰਦੂ ਵੀਰ ਹਵਨ ਕਰਦੇ ਹਨ।"

ਲੋਕਾਂ ਨੇ ਆਪਣੀ ਸ਼ਾਇਸਤਗੀ, ਸਿਦਕ, ਸਬਰ ਤੇ ਦਲੀਲ ਨਾਲ ਅੰਦੋਲਨਾਂ ਦਾ ਇੱਕ ਵਿਸ਼ਵ ਪ੍ਰਤਿਮਾਨ ਸਥਾਪਤ ਕਰ ਦਿੱਤਾ ਹੈ। ਸਿਰਫ ਸਾਡੀ ਸਰਕਾਰ ਨੇ ਸਾਬਿਤ ਕਰਨਾ ਹੈ ਕਿ ਉਹ ਲੋਕ ਰਾਜੀ ਅੰਦੋਲਨ ਪ੍ਰਤੀ ਕਿੰਨੀ ਕੁ ਸੰਵੇਦਨਸ਼ੀਲ ਹੈ। ਲੋਕਾਂ ਨੂੰ ਕਾਰਪੋਰੇਟਾਂ ਦੇ ਰਹਿਮ ਉੱਤੇ ਛੱਡਣ ਦੀ ਸਾਜ਼ਿਸ਼ ਦਾ ਰੂਪ ਇਨ੍ਹਾਂ ਤਿੰਨ ਕਾਨੂੰਨਾਂ ਨੂੰ ਰੱਦ ਕਰ ਕੇ ਆਪਣੀ ਧਰਤੀ ਨਾਲ ਵਫਾ ਕਰਨੀ ਹੀ ਸਹੀ ਗੱਲ ਹੋਵੇਗੀ।

ਧਰਤੀ ਪੁੱਤਰਾਂ ਅੱਗੇ ਝੁਕਣਾ ਵੀ ਭੂਮੀ ਪੂਜਣ ਸਮਾਨ ਹੀ ਹੋਵੇਗਾ। ਸਾਰੇ ਸੰਸਾਰ ਦੇ ਲੋਕ ਕਹਿਣਗੇ: ਇਹੋ ਜਿਹੀ ਸ਼ਾਂਤਮਈ ਸੂਰਬੀਰਤਾ ਨਾਲੇ ਹੋਣੇ ਚਾਹੀਦੇ ਨੇ ਅੰਦੋਲਨ ਤੇ ਇਸ ਤਰ੍ਹਾਂ ਦੇ ਸੰਵੇਦਨਸ਼ੀਲ ਹੋਣੇ ਚਾਹੀਦੇ ਹਨ ਨੇ ਸ਼ਾਸਕ, ਜੋ ਸੱਚ ਦੇ ਅੱਗੇ ਝੁਕ ਕੇ ਧਰਤੀ ਹੋ ਜਾਣ। ਇਹ ਵਾਕ ਪ੍ਰਧਾਨ ਮੰਤਰੀ ਨੂੰ ਬਹੁਤ ਉਚਾ ਕਰ ਸਕਦਾ ਹੈ। ਇਹ ਗੇਂਦ ਅੱਗੋਂ ਪ੍ਰਧਾਨ ਮੰਤਰੀ ਜੀ ਦੇ ਪਾਲੇ ਵਿੱਚ ਹੈ।






### ਕੋਟਕਪੂਰਾ ਗੋਲੀ ਕਾਂਡ :

# ਸਾਬਕਾ ਡੀ ਜੀ ਪੀ ਸੁਮੇਧ ਸਿੰਘ ਸੈਣੀ ਦੇ ਖਿਲਾਫ ਚਲਾਣ ਪੇਸ਼



ਫਰੀਦਕੋਟ, 19 ਜਨਵਰੀ (ਪੋਸਟ ਬਿਊਰੋ)- ਅਕਾਲੀ-ਭਾਜਪਾ ਸਰਕਾਰ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੋਂ ਬਾਅਦ ਵਾਪਰੇ ਕੋਟਕਪੂਰਾ ਗੋਲੀ ਕਾਂਡ ਦੇ ਕੇਸ ਵਿੱਚ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਨੇ ਸਾਬਕਾ ਡੀ ਜੀ ਪੀ ਸੁਮੇਧ ਸੈਣੀ ਦੇ ਖਿਲਾਫ ਚਲਾਣਕੱਲ੍ਹ ਅਦਾਲਤ ਵਿੱਚ ਪੇਸ਼ ਕਰ ਦਿੱਤਾ ਹੈ। ਜਾਂਚ ਟੀਮ ਨੇ ਓਦੋਂ ਦੇ ਡੀ ਜੀ ਪੀ ਸੁਮੇਧ ਸੈਣੀ ਨੂੰ ਕੋਟਕਪੂਰਾ ਗੋਲੀ ਕਾਂਡ ਦੀ ਸਾਜ਼ਿਸ਼ ਰਚਣ ਦੇ ਦੋਸ਼ੀ ਵਜੋਂ ਪੇਸ਼ ਕੀਤਾ ਹੈ। ਅਦਾਲਤ ਨੇ ਕੇਸ ਦੀ ਸੁਣਵਾਈ 18 ਫਰਵਰੀ ਤੱਕ ਮੁਲਤਵੀ ਕਰਦਿਆਂ ਸਾਬਕਾ ਡੀ ਜੀ ਪੀ ਨੂੰ ਪੇਸ਼ ਹੋਣ ਦੇ ਹੁਕਮ ਦਿੱਤੇ ਹਨ।

ਵਰਨਣ ਯੋਗ ਹੈ ਕਿ ਇਸ ਤੋਂ ਪਹਿਲਾਂ ਜਾਂਚ ਟੀਮ ਨੇ ਕੋਟਕਪੂਰਾ ਗੋਲੀ ਕਾਂਡ ਵਿੱਚ ਸਸਪੈਂਡ ਕੀਤੇ ਜਾ ਚੁੱਕੇ ਆਈ ਜੀ ਪਰਮਰਾਜ ਸਿੰਘ ਉਮਰਾਨੰਗਲ, ਸਾਬਕਾ ਐਸ ਐਸ ਪੀ ਚਰਨਜੀਤ ਸ਼ਰਮਾ, ਐਸ ਪੀ ਬਲਜੀਤ ਸਿੰਘ ਸਿੱਧੂ, ਡੀ ਐਸ ਪੀ ਪਰਮਜੀਤ ਸਿੰਘ ਪੰਨੂ, ਕੋਟਕਪੂਰਾਸਿਟੀ ਥਾਣੇ ਦੇ ਸਾਬਕਾ ਐਸ ਐਚ ਓ ਗੁਰਦੀਪ ਸਿੰਘ ਪੰਧੇਰ ਅਤੇ ਅਕਾਲੀ ਆਗੂ ਅਤੇ ਸਾਬਕਾ ਪਾਰਲੀਮੈਂਟਰੀ ਸੈਕਟਰੀ ਮਨਤਾਰ ਸਿੰਘ ਬਰਾੜ ਦੇਖਿਲਾਫ ਅਦਾਲਤ ਵਿੱਚ ਚਲਾਣ ਪੇਸ਼ ਕੀਤਾ ਸੀ।ਜਾਂਚ ਟੀਮ ਨੇ ਦੋ ਦਿਨ ਪਹਿਲਾਂ ਬਹਿਬਲ ਗੋਲੀ ਕਾਂਡ ਵਿੱਚ ਵੀ ਸਾਬਕਾ ਡੀ ਜੀ ਪੀ ਖਿਲਾਫ ਚਲਾਣ ਅਦਾਲਤ ਵਿੱਚ ਪੇਸ਼ ਕਰ ਦਿੱਤਾ ਸੀ, ਪਰ ਐੱਸ ਆਈ ਟੀ ਹਾਲੇ ਤੱਕ ਡੀ ਜੀ ਪੀ ਸੈਣੀ ਨੂੰ ਗ੍ਰਿਫਤਾਰ ਨਹੀਂ ਕਰ ਸਕੀ। ਫਿਰ ਵੀ ਚਲਾਣ ਪੇਸ਼ ਹੋਣ ਨਾਲ ਸਾਬਕਾ ਡੀ ਜੀ ਪੀ ਸੁਮੇਧ ਸੈਣੀ ਦੀਆਂ ਮੁਸ਼ਕਲਾਂ ਵੱਧ ਗਈਆਂ ਹਨ। ਦੂਸਰੇ ਪਾਸੇ ਸਸਪੈਂਡ ਕੀਤੇ ਗਏ ਆਈ ਜੀ ਪਰਮਰਾਜ ਸਿੰਘ ਉਮਰਾਨੰਗਲ ਅਤੇ ਥਾਣਾ ਸਿਟੀ ਕੋਟਕਪੂਰਾ ਦੇ ਓਦੋਂ ਦੇ ਐਸ ਐਚ ਓ ਗੁਰਦੀਪ ਸਿੰਘ ਪੰਧੇਰ ਵੱਲੋਂ ਜਾਂਚ ਟੀਮ ਦੇ ਮੁੱਖ ਮੈਂਬਰ ਆਈ ਜੀ ਕੁੰਵਰ ਵਿਜੇ ਪ੍ਰਤਾਪ ਸਿੰਘ ਨੂੰ ਇਸ ਜਾਂਚ ਟੀਮ ਵਿੱਚੋਂ ਬਦਲਣ ਦੀ ਮੰਗ ਬਾਰੇ ਹਾਈ ਕਰੋਟ ਵਿੱਚ ਦਾਇਰ ਕੀਤੀ ਪਟੀਸ਼ਨ ਦੀ ਸੁਣਵਾਈ ਅਦਾਲਤ ਨੇ ਪਹਿਲੀ ਫਰਵਰੀ ਤੱਕ ਮੁਲਤਵੀ ਕਰ ਦਿੱਤੀ ਹੈ। ਪੰਜਾਬ ਸਰਕਾਰ ਹਾਈ ਕੋਰਟ ਵਿੱਚ ਆਈ ਜੀ ਨੂੰ ਬਦਲਣ ਤੋਂ ਪਹਿਲਾਂ ਹੀ ਇਨਕਾਰ ਕਰ ਚੁੱਕੀ ਹੈ, ਪਰ ਅਦਾਲਤ ਦਾ ਫੈਸਲਾ ਆਉਣਾ ਬਾਕੀ ਹੈ।

# ਪੁਲਸ ਅਤੇ ਲੁਟੇਰਿਆਂ ’ਚ ਮੁਕਾਬਲੇ ਦੌਰਾਨ ਇੱਕ ਲੁਟੇਰੇ ਦੀ ਮੌਤ

ਤਰਨਤਾਰਨ, 19 ਜਨਵਰੀ (ਪੋਸਟ ਬਿਊਰੋ)- ਪਿਛਲੇ 24 ਘੰਟਿਆਂ ਦੌਰਾਨ ਜ਼ਿਲ੍ਹਾ ਤਰਨਤਾਰਨ ਵਿੱਚ ਇੱਕ ਦਰਜਨ ਦੇ ਕਰੀਬ ਪੈਟਰੋਲ ਪੰਪਾਂ ਅਤੇ ਮੈਡੀਕਲ ਸਟੋਰਾਂ ਤੋਂ ਲੱਖਾਂ ਰੁਪਏ ਦੀ ਨਕਦੀ ਲੁੱਟਣ ਅਤੇ ਰਾਹ ਜਾਂਦੇ ਲੋਕਾਂ ਤੋਂ ਹਥਿਆਰਾਂ ਦੀ ਨੋਕ ’ਤੇ ਗੱਡੀਆਂ ਖੋਹਣ ਵਾਲੇ ਪੰਜ ਮੈਂਬਰੀ ਗੈਂਗ ਅਤੇ ਤਰਨਤਾਰਨ ਪੁਲਸ ਵਿਚਕਾਰ ਭਾਰੀ ਗੋਲੀਬਾਰੀ ਵਿੱਚ ਇੱਕ ਲੁਟੇਰੇ ਦੀ ਮੌਤ ਹੋ ਗਈ ਅਤੇ ਚਾਰ ਗੋਲੀਆਂ ਲੱਗਣ ਨਾਲ ਗੰਭੀਰ ਜ਼ਖ਼ਮੀ ਹੋ ਗਏ। ਉਨ੍ਹਾਂ ਨੂੰ ਪੁਲਸ ਨੇ ਗ੍ਰਿਫ਼ਤਾਰ ਕਰ ਲਿਆ ਹੈ। ਲੁਟੇਰਿਆਂ ਵੱਲੋਂ ਚਲਾਈਆਂ ਗੋਲੀਆਂ ਨਾਲ ਪੁਲਸ ਦੇ ਦੋ ਮੁਲਾਜ਼ਮ ਵੀ ਗੰਭੀਰ ਜ਼ਖ਼ਮੀ ਹੋਏ ਹਨ। ਲੁਟੇਰਿਆਂ ਤੋਂ ਤਿੰਨ ਪਿਸਟਲ 32 ਬੋਰ, ਚਾਰ ਜ਼ਿੰਦਾ ਕਾਰਤੂਸ, 80562 ਰੁਪਏ ਨਕਦੀ, ਅਫ਼ੀਮ, ਸਮੈਕ ਤੇ ਕਾਫੀ ਨਸ਼ੀਲੀਆਂ ਗੋਲੀਆਂ ਮਿਲੀਆਂ ਹਨ। ਗ੍ਰਿਫ਼ਤਾਰ ਕੀਤੇ ਲੁਟੇਰੇ ਜ਼ਿਲ੍ਹਾ ਤਰਨਤਾਰਨ ਤੋਂ ਇਲਾਵਾ ਅੰਮ੍ਰਿਤਸਰ, ਜਲੰਧਰ, ਰੋਪੜ ਅਤੇ ਲੁਧਿਆਣੇ ਵਰਗੇ ਵੱਡੇ ਸ਼ਹਿਰਾਂ ’ਚ ਵੀ ਲੁੱਟਾਂ-ਖੋਹਾਂ ਦੀਆਂ ਵਾਰਦਾਤਾਂ ਕਰ ਚੁੱਕੇ ਹਨ।

ਤਰਨਤਾਰਨ ਵਿਖੇ ਪ੍ਰੈਸ ਕਾਨਫਰੰਸ ਵਿੱਚ ਐਸ ਐਸ ਪੀ ਧਰੁਮਨ ਐਚ ਨਿੰਬਾਲੇ ਨੇ ਦੱਸਿਆ ਕਿ ਪੰਜ ਲੁਟੇਰੇ ਪਿੰਡ ਢੋਟੀਆਂ ਵਿੱਚ ਗੋਲੀਬਾਰੀ ਕਰ ਕੇ ਭੱਜ ਜਾਣ ਦੀ ਸੂਚਨਾ ਮਿਲਣ ਉਤੇ ਪੁਲਸ ਨੇਂ ਪੂਰੇ ਜ਼ਿਲ੍ਹੇ ’ਚ ਨਾਕਾਬੰਦੀ ਕਰ ਲਈ ਸੀ। ਇਸੇ ਦੌਰਾਨ ਲਿੰਕ ਰੋਡ, ਰੇਲਵੇ ਕਰਾਸਿੰਗ ਸਰਹਾਲੀ ਮੰਡ ਦੇ ਨਾਕੇ ’ਤੇ ਮੌਜੂਦ ਥਾਣਾ ਸਿਟੀ ਪੱਟੀ ਦੇ ਐਸ ਐਚ ਓ ਲਖਬੀਰ ਸਿੰਘ ਨੇ ਸ਼ੱਕ ਦੇ ਆਧਾਰ ਉੱਤੇ ਡੇਹਰਾ ਸਾਹਿਬ ਤੋਂ ਖੋਹੀ ਗੱਡੀ ਨੂੰ ਰੁਕਣ ਦਾ ਇਸ਼ਾਰਾ ਕੀਤਾ ਤਾਂ ਲੁਟੇਰਿਆਂ ਨੇ ਗੱਡੀ ਨੂੰ ਭਜਾਉਣ ਦੀ ਕੋਸ਼ਿਸ਼ ਕੀਤੀ, ਪਰ ਗੱਡੀ ਖੇਤਾਂ ਵਿੱਚ ਉਤਰ ਗਈ। ਕਾਰ ਸਵਾਰ ਵਿਅਕਤੀਆਂ ਨੇ ਗੱਡੀ ਵਿੱਚੋਂ ਬਾਹਰ ਆਉਂਦਿਆਂ ਹੀ ਪੁਲਸ ’ਤੇ ਗੋਲੀਬਾਰੀ ਸ਼ੁਰੂ ਕਰ ਦਿੱਤੀ ਹੈ, ਜਿਸ ਦੌਰਾਨ ਐਸ ਐਚ ਓ ਪੱਟੀ ਲਖਬੀਰ ਸਿੰਘ ਦਾ ਡਰਾਈਵਰ ਸਰਬਜੀਤ ਸਿੰਘ ਜ਼ਖ਼ਮੀ ਹੋ ਗਿਆ। ਪੁਲਸ ਵੱਲੋਂ ਜਵਾਬੀ ਗੋਲੀਬਾਰੀ ਵਿੱਚ ਇੱਕ ਗੋਲੀ ਲੁਟੇਰੇ ਦੇ ਲੱਗੀ ਅਤੇ ਉਹ ਜ਼ਖ਼ਮੀ ਹੋ ਕੇ ਥੱਲੇ ਡਿੱਗ ਪਿਆ। ਇਸੇ ਦੌਰਾਨ ਇੱਕ ਹੋਰ ਵਿਅਕਤੀ ਕਾਰ ਤੋਂ ਨਿਕਲ ਕੇ ਭੱਜਣ ਲੱਗਾ ਤਾਂ ਉਹ ਵੀ ਡਿੱਗ ਪਿਆ। ਗੋਲੀ ਨਾਲ ਜ਼ਖ਼ਮੀ ਹੋਏ ਵਿਅਕਤੀ ਦੀ



ਪਛਾਣ ਜਗਜੀਤ ਸਿੰਘ ਉਰਫ਼ ਜੱਗੀ ਪੁੱਤਰ ਜਸੰਵਤ ਸਿੰਘ ਵਾਸੀ ਨੌਸ਼ਹਿਰਾ ਪੰਨੂੰਆਂ ਵਜੋਂ ਹੋਈ ਹੈ, ਉਸ ਦੇ ਕਬਜ਼ੇ ਵਿੱਚੋਂ ਇੱਕ ਪਿਸਟਲ ਸਮੇਤ ਮੈਗਜ਼ੀਨ, ਦੋ ਜ਼ਿੰਦਾ ਕਾਰਤੂਸ ਅਤੇ 105 ਨਸ਼ੀਲੀਆਂ ਗੋਲੀਆਂ ਮਿਲੀਆਂ ਹਨ। ਦੂਸਰੇ ਡਿੱਗੇ ਹੋਏ ਵਿਅਕਤੀ ਗੁਰਪ੍ਰੀਤ ਸਿੰਘ ਉਰਫ਼ ਗੋਪੀ ਪੁੱਤਰ ਪਰਮਜੀਤ ਸਿੰਘ ਵਾਸੀ ਜੱਟਾ ਦੀ ਤਲਾਸ਼ੀ ਵਿੱਚ ਉਸ ਕੋਲੋਂ 40 ਨਸ਼ੀਲੀਆਂ ਗੋਲੀਆਂ ਮਿਲੀਆਂ, ਪਰ ਉਹ ਮਰ ਚੁੱਕਾ ਸੀ। ਉਨ੍ਹਾਂ ਦੱਸਿਆ ਕਿ ਬਾਕੀ ਤਿੰਨ ਲੁਟੇਰੇ ਕਾਰ ਤੋਂ ਨਿਕਲ ਕੇ ਗੋਲੀਬਾਰੀ ਕਰਦੇ ਹੋਏ ਇੱਕ ਦੋ ਕਿਲੋਮੀਟਰ ਦੂਰ ਇੱਕ ਪੈਲੇਸ ਅੰਦਰ ਲੁਕ ਗਏ। ਐਸ ਐਸ ਪੀ ਧਰੁਮਨ ਐਚ ਨਿੰਬਾਲੇ ਅਤੇ ਐਸ ਪੀ ਡੀ ਮਹਿਤਾਬ ਸਿੰਘ, ਐਸ ਪੀ ਨਾਰਕੋਟਿਕ ਜਗਜੀਤ ਸਿੰਘ ਵਾਲੀਆ, ਡੀ ਐਸ ਪੀ ਪੱਟੀ ਕੁਲਜਿੰਦਰ ਸਿੰਘ, ਡੀ ਐਸ ਪੀ ਭਿੱਖੀਵਿੰਡ ਰਾਜਬੀਰ ਸਿੰਘ, ਡੀ ਐਸ ਪੀ ਗੋਇੰਦਵਾਲ ਸਾਹਿਬ ਰਮਨਦੀਪ ਸਿੰਘ ਭੁੱਲਰ, ਡੀ ਐਸ ਪੀ ਹੈਡਕੁਆਟਰ ਦਿਲਬਾਗ ਸਿੰਘ ਸਮੇਤ ਜ਼ਿਲ੍ਹੇ ਦੇ ਸਾਰੇ ਐਸ ਐਚ ਓ ਅਤੇ ਭਾਰੀ ਗਿਣਤੀ ’ਚ ਫੋਰਸ ਮੌਕੇ ਉੱਤੇ ਪਹੁੰਚ ਗਈ। ਲੁਟੇਰਿਆਂ ਨੇ ਪੈਲੇਸ ਦੇ ਅੰਦਰੋਂ ਪੁਲਸ ’ਤੇ ਗੋਲੀਬਾਰੀ ਚਲਾਈ, ਜਿਸ ਵਿੱਚ ਪੁਲਸ ਦਾ ਜਵਾਨ ਬਿਕਰਮਜੀਤ ਸਿੰਘ ਜ਼ਖ਼ਮੀ ਹੋ ਗਿਆ। ਓਥੇ ਪੁਲਸ ਅਤੇ ਲੁਟੇਰਿਆਂ ਵਿਚਾਲੇ ਕਰੀਬ ਇੱਕ ਘੰਟਾ ਗੋਲੀ ਚਲਦੀ ਰਹੀ। ਲੁਟੇਰਿਆਂ ਕੋਲ ਗੋਲੀਆਂ ਖਤਮ ਹੋਣ ’ਤੇ ਉਨ੍ਹਾਂ ਨੇ ਸਰੈਂਡਰ ਕਰ ਦਿੱਤਾ, ਜਿਸ ਉੱਤੇ ਪੁਲਸ ਵੱਲੋਂ ਪੈਲੇਸ ਵਿੱਚ ਕੀਤੀ ਸਰਚ ਦੌਰਾਨ ਇੱਕ ਲੁਟੇਰਾ ਜ਼ਖ਼ਮੀ ਹਾਲਤ ’ਚ ਮਿਲ ਗਿਆ। ਗ੍ਰਿਫ਼ਤਾਰ ਲੁਟੇਰਿਆਂ ’ਚ ਰਾਜਬੀਰ ਸਿੰਘ ਉਰਫ਼ ਰਾਜੂ ਪੁੱਤਰ ਲੁਹਾਰਾ ਸਿੰਘ ਵਾਸੀ ਗੰਡੀਵਿੰਡ, ਗੁਰਪ੍ਰੀਤ ਸਿੰਘ ਉਰਫ਼ ਗੋਪੀ ਪੁੱਤਰ ਗੁਰਦੇਵ ਸਿੰਘ ਵਾਸੀ ਭੁੱਲਰ ਅਤੇ ਗੁਰਜਿੰਦਰ ਸਿੰਘ ਪੁੱਤਰ ਕੁਲਵੰਤ ਸਿੰਘ ਵਾਸੀ ਮਾਣਕਪੁਰਾ ਸ਼ਾਮਲ ਸਨ। ਉਨ੍ਹਾਂ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਲੁਟੇਰਿਆਂ ਕੋਲੋਂ ਤਿੰਨ ਪਿਸਟਲ, ਚਾਰ ਜ਼ਿੰਦਾ ਕਾਰਤੂਸ, 80562 ਰੁਪਏ ਭਾਰਤੀ ਕਰੰਸੀ, 2000 ਨਸ਼ੀਲੀਆਂ ਗੋਲੀਆਂ, ਇੱਕ ਲਿਫ਼ਾਫ਼ੇ ’ਚ ਅਫ਼ੀਮ, ਇੱਕ ਸਮੈਕ ਦੀ ਪੁੜੀ ਮਿਲੀ ਹੈ। ਉਨ੍ਹਾਂ ਦੱਸਿਆ ਕਿ ਗੋਲੀ ਨਾਲ ਜ਼ਖ਼ਮੀ ਦੋ ਪੁਲਸ ਵਾਲਿਆਂ ਤੇ ਚਾਰ ਲੁਟੇਰਿਆਂ ਨੂੰ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਹੈ ਅਤੇ ਲੁਟੇਰਿਆਂ ਖ਼ਿਲਾਫ਼ ਥਾਣਾ ਸਿਟੀ ਪੱਟੀ ਵਿਖੇ ਕੇਸ ਦਰਜ ਕਰਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਇਨ੍ਹਾਂ ਲੁਟੇਰਿਆਂ ਨੇ ਕੱਲ੍ਹ ਸਵੇਰੇ ਨੌਰੰਗਾਬਾਦ ਦੇ ਇੱਕ ਮੈਡੀਕਲ ਸਟੋਰ ਦੇ ਮਾਲਕ ਸੁਖਰਾਜ ਸਿੰਘ ਨੂੰ ਗੋਲੀ ਮਾਰ ਕੇ ਜ਼ਖ਼ਮੀ ਕਰਨ ਪਿੱਛੋਂ ਉਸ ਕੋਲੋਂ 85 ਹਜ਼ਾਰ ਰੁਪਏ ਲੁੱਟੇ ਸਨ।

## ਚੌਕੀ ਇੰਚਾਰਜ ਸਣੇ ਛੇ ਜਣਿਆਂ ਦਾ ਨਾਂਅ ਲੈ ਕੇ ਭਾਜਪਾ ਆਗੂ ਵੱਲੋਂ ਖ਼ੁਦਕੁਸ਼ੀ



ਜ਼ੀਰਕਪੁਰ, 19 ਜਨਵਰੀ (ਪੋਸਟ ਬਿਊਰੋ)- ਭਾਜਪਾ ਆਗੂ ਨੇ ਪ੍ਰੀਤ ਕਾਲੋਨੀ ਵਿਖੇ ਦੋਸਤ ਦੇ ਦਫਤਰ ਵਿੱਚ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ ਹੈ। ਮ੍ਰਿਤਕ ਦੀ ਪਛਾਣ ਵਕੀਲ ਦੀਪਕ ਕੁਮਾਰ (43) ਵਾਸੀ ਤ੍ਰਿਵੇਦੀ ਕੈਂਪ ਵਜੋਂ ਹੋਈ ਹੈ। ਸੁਸਾਈਡ ਨੋਟ ’ਚ ਉਸ ਨੇ ਬਲਟ-ਾਣਾ ਪੁਲਸ ਚੌਕੀ ਦੇ ਇੰਚਾਰਜ ਕੁਲਵੰਤ ਸਿੰਘ ਸਣੇ ਛੇ ਵਿਅਕਤੀਆਂ ਖਿਲਾਫ ਬਲੈਕ ਮੇਲ ਕਰਨ ਦਾ ਦੋਸ਼ ਲਾਇਆ ਹੈ, ਜਿਸ ਬਾਰੇ ਪੁਲਸ ਜਾਂਚ ਕਰ ਰਹੀ ਹੈ।

ਪਰਵਾਰਕ ਮੈਂਬਰਾਂ ਨੇ ਦੱਸਿਆ ਕਿ ਦੀਪਕ ਕੱਲ੍ਹ ਰਾਤ ਘਰੋਂ ਚਲਾ ਗਿਆ ਸੀ ਤੇ ਉਸ ਦੇ ਮੋਬਾਈਲ ਬੰਦ ਆ ਰਹੇ ਸਨ। ਜਦ ਉਨ੍ਹਾਂ ਨੇ ਉਸ ਦੇ ਦੋਸਤ ਨੂੰ ਫੋਨ ਕੀਤਾ ਤਾਂ ਉਸ ਨੇ ਦੱਸਿਆ ਕਿ ਦੀਪਕ ਬੀਤੀ ਰਾਤ ਤੋਂ ਉਸ ਦੇ ਦਫਤਰ ’ਚ ਹੈ, ਜਦ ਕਿ ਉਹ (ਦੋਸਤ) ਬਾਹਰ ਹੈ। ਪਰਵਾਰਕ ਮੈਂਬਰਾਂ ਨੇ ਮੌਕੇ ’ਤੇ ਜਾ ਕੇ ਦੇਖਿਆ ਤਾਂ ਉਸ ਨੇ ਫਾਹਾ ਲਿਆ ਹੋਇਆ ਸੀ। ਬਰਾਮਦ ਹੋਏ ਚਾਰ ਪੇਜਾਂ ਦੇ ਸੁਸਾਈਡ ਨੋਟ ਵਿੱਚ ਉਸ ਨੇ ਦੋਸ਼ ਲਾਇਆ ਕਿ ਲੀਜ਼ ਉਤੇ ਲਏ ਹੋਟਲ ਦੇ ਹਿੱਸੇਦਾਰਾਂ ਨੇ ਉਸ ਦੀ ਚੈਕ ਬੁੱਕੀ ਚੋਰੀ ਕਰ ਕੇ ਉਸ ਵਿੱਚ ਸਾਢੇ ਛੇ ਲੱਖ ਰੁਪਏ ਭਰ ਕੇ ਉਕਤ ਚੈਕ ਬਾਊਂਸ ਕਰਵਾਇਆ ਹੈ। ਇਸ ਬਾਰੇ ਉਨ੍ਹਾਂ ਝੂਠੀ ਸ਼ਿਕਾਇਤ ਬਲਟਾਣਾ ਪੁਲਸ ਚੌਕੀ ਨੂੰ ਕੀਤੀ ਹੋਈ ਹੈ। ਦੀਪਕ ਨੇ ਦੋਸ਼ ਲਾਇਆ ਕਿ ਚੌਕੀ ਇੰਚਾਰਜ ਕੁਲਵੰਤ ਸਿੰਘ ਰੋਜ਼ ਉਸ ਨੂੰ ਚੌਕੀ ਬੁਲਾ ਕੇ ਜ਼ਲੀਲ ਕਰਦਾ ਸੀ। ਇਸ ਤੋਂ ਪ੍ਰੇਸ਼ਾਨ ਹੋ ਕੇ ਉਸ ਨੇ ਇਹ ਕਦਮ ਉਠਾਇਆ ਹੈ। ਉਸ ਨੇ ਸੁਸਾਈਡ ਨੋਟ ਵਿੱਚ ਚੌਕੀ ਇੰਚਾਰਜ ਅਤੇ ਹੋਰਨਾਂ ਖਿਲਾਫ ਸਖਤ ਕਾਰਵਾਈ ਦੀ ਮੰਗ ਕੀਤੀ ਹੈ। ਮ੍ਰਿਤਕ ਆਪਣੇ ਪਿੱਛੇ ਵਿਧਵਾ ਪਤਨੀ ਤੇ ਦੋ ਬੱਚੇ ਛੱਡ ਗਿਆ ਹੈ। ਉਸ ਵੱਲੋਂ ਲਿਖੇ ਸੁਸਾਈਡ ਨੋਟ ਵਿੱਚ ਛੇ ਨਾਵਾਂ ’ਚ ਬਲਟਾਣਾ ਚੌਕੀ ਇੰਚਾਰਜ ਐਸ ਆਈ ਕੁਲਵੰਤ ਸਿੰਘ, ਦਵਿੰਦਰ ਸਿੰਘ ਰਾਣਾ, ਪ੍ਰੇਮ ਮਨੋਚਾ, ਮਨੀ ਗੁਪਤਾ, ਕੁਲਵੰਤ ਸਿੰਘ, ਰਵੀ ਅਰੋੜਾ, ਵਿਪਨ ਛਾਬੜਾ ਸ਼ਾਮਲ ਹਨ।ਐਸ ਐਸ ਪੀ ਮੋਹਾਲੀ ਸਤਿੰਦਰ ਸਿੰਘ ਨੇ ਕਿਹਾ ਕਿ ਕਾਰਵਾਈ ਕੀਤੀ ਜਾਵੇਗੀ।

# ਸੁਖਬੀਰ ਸਿੰਘ ਬਾਦਲ ਦੇ ਵਾਰੰਟ ਵਾਲੇ ਕੇਸ ਦੀ ਸੁਣਵਾਈ ਅੱਗੇ ਪਈ



ਚੰਡੀਗੜ੍ਹ, 19 ਜਨਵਰੀ (ਪੋਸਟ ਬਿਊਰੋ)- ਚੰਡੀਗੜ੍ਹ ਅਦਾਲਤ ਵੱਲੋਂ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਜਾਰੀ ਕੀਤੇ ਜ਼ਮਾਨਤੀ ਵਾਰੰਟ ਨੂੰ ਉਨ੍ਹਾਂ ਵੱਲੋਂ ਦਿੱਤੀ ਚੁਣੌਤੀ ਦੇ ਕੇਸ ਵਿੱਚ ਸ਼ਿਕਾਇਤ ਕਰਤਾ ਵੱਲੋਂ ਜਵਾਬ ਦੇਣ ਲਈ ਸਮਾਂ ਮੰਗਣ ’ਤੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਸੁਣਵਾਈ ਅੱਗੇ ਪਾ ਦਿੱਤੀ ਹੈ। ਇਸ ਕੇਸ ਵਿੱਚ ਸੁਖਬੀਰ ਸਿੰਘ ਬਾਦਲ ਦੇ ਵਾਰੰਟ ਰੱਦ ਕੀਤੇ ਜਾ ਚੁੱਕੇ ਹਨ, ਪਰ ਮਾਮਲਾ ਅਜੇ ਵਿਚਾਰ ਅਧੀਨ ਹੈ।

ਹਾਈ ਕੋਰਟ ਨੇ ਸੁਖਬੀਰ ਸਿੰਘ ਬਾਦਲ ਦੇ ਵਿਰੁੱਧ ਸ਼ਿਕਾਇਤਕਰਤਾ ਨੂੰ ਨੋਟਿਸ ਜਾਰੀ ਕਰ ਕੇ ਪੁੱਛਿਆ ਸੀ ਕਿ ਹੇਠਲੀ ਅਦਾਲਤ ਵਿੱਚ ਚੱਲਦੀ ਕਾਰਵਾਈ ’ਤੇ ਰੋਕ ਕਿਉਂ ਨਾ ਲਾ ਦਿੱਤੀ ਜਾਵੇ ਅਤੇ ਕੱਲ੍ਹ ਉਸ ਨੇ ਜਵਾਬ ਦੇਣ ਦੇ ਲਈ ਸਮਾਂ ਮੰਗ ਲਿਆ। ਛੋਟੇ ਬਾਦਲਨੇ ਆਪਣੇ ਵਿਰੁੱਧ ਚੱਲਦੀ ਮਾਣ-ਹਾਨੀ ਸ਼ਿਕਾਇਤ ਰੱਦ ਕਰਵਾਉਣ ਲਈ ਹਾਈ ਕੋਰਟ ਤਕ ਪਹੁੰਚ ਕੀਤੀ ਸੀ। ਸ਼ਿਕਾਇਤ ਕਰਤਾ ਦੇ ਮੁਤਾਬਕ ਸਾਲ 2017 ਵਿੱਚ ਇੱਕ ਅਖ਼ਬਾਰ ਵਿੱਚ ਸਿੰਘ ਸੁਖਬੀਰ ਬਾਦਲ ਦਾ ਬਿਆਨ ਛਪਿਆ ਸੀ, ਜਿਸ ਵਿੱਚ ਉਨ੍ਹਾਂ ਨੇ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਵੱਲੋਂ ਅਖੰਡ ਕੀਰਤਨੀ ਜਥੇ ਅਤੇ ਸਰਬੱਤ ਖ਼ਾਲਸਾ ਵੱਲੋਂ ਥਾਪੇ ਗਏ ਜਥੇਦਾਰਾਂ ਨਾਲ ਮੁਲਾਕਾਤ ਕਰਨ ਦਾ ਹਵਾਲਾ ਦੇ ਕੇ ਕਿਹਾ ਸੀ ਕਿ ਕੇਜਰੀਵਾਲ ਨੇ ਵੱਖਵਾਦੀਆਂ ਨਾਲ ਸੰਪਰਕ ਕਰਨਾ ਸ਼ੁਰੂ ਕਰ ਦਿੱਤਾ ਹੈ। ਇਸ ਪਟੀਸ਼ਨ ਵਿੱਚ ਇਹ ਵੀ ਕਿਹਾ ਗਿਆ ਸੀ ਕਿ ਸੁਖਬੀਰ ਸਿੰਘ ਬਾਦਲ ਨੇ ਆਮ ਆਦਮੀ ਪਾਰਟੀ ਬਾਰੇ ਇਹ ਬਿਆਨ ਵੀ ਦਿੱਤਾ ਹੈ ਕਿ ਜੇ ਇਹ ਪਾਰਟੀ ਪੰਜਾਬ ਵਿੱਚ ਸੱਤਾ ਵਿੱਚ ਆਈ ਤਾਂ ਗੜਬੜ ਹੋਵੇਗੀ ਅਤੇ ਇਹ ਪਾਰਟੀ ਧਰਨਿਆਂ ’ਚ ਭਰੋਸਾ ਰੱਖਦੀ ਹੈ। ਅਖ਼ਬਾਰ ਵਿੱਚ ਸੁਖਬੀਰ ਸਿੰਘ ਬਾਦਲ ਦੇ ਬਿਆਨ ਵਾਲੀ ਇਸ ਖ਼ਬਰ ’ਤੇ ਰਾਜਿੰਦਰ ਪਾਲ ਸਿੰਘ ਨਾਂ ਦੇ ਪਟੀਸ਼ਨਰ ਨੇ ਚੰਡੀਗੜ੍ਹ ਅਦਾਲਤ ਵਿੱਚ ਸ਼ਿਕਾਇਤ ਦਾਇਰ ਕਰ ਕੇ ਸੁਖਬੀਰ ਸਿੰਘ ਬਾਦਲ ਵਿਰੁੱਧ ਮਾਣ-ਹਾਨੀ ਦੀ ਕਾਰਵਾਈ ਦੀ ਮੰਗ ਕੀਤੀ ਸੀ ਤੇ ਅਦਾਲਤ ਨੇ ਸੁਖਬੀਰ ਸਿੰਘ ਬਾਦਲ ਦੇ ਜ਼ਮਾਨਤੀ ਵਾਰੰਟ ਜਾਰੀ ਗਏ ਸਨ, ਜਿਨ੍ਹਾਂ ਨੂੰ ਸੁਖਬੀਰ ਸਿੰਘ ਨੇ ਚੁਣੌਤੀ ਦਿੱਤੀ ਸੀ।

## ਹਾਲੈਂਡ ਵਿੱਚ ਪੱਕਾ ਹੋਣ ਲਈ ਵਿਆਹ ਕਰਾਇਆ ਸੀ,ਪਰ...

ਜਲੰਧਰ, 19 ਜਨਵਰੀ (ਪੋਸਟ ਬਿਊਰੋ)- ਨੂਰਮਹਿਲ ਦੀ ਇੱਕ ਲੜਕੀ ਨੂੰ ਵਿਆਹ ਪਿੱਛੋਂ ਪਤੀ ਅਤੇ ਉਸ ਦੇ ਪਰਵਾਰ ਨੇ ਬੇਟੀ ਪੈਦਾ ਹੋਣ ਉਤੇ ਦਾਜ ਲਈ ਤੰਗ ਕਰਨਾ ਸ਼ੁਰੂ ਕਰ ਦਿੱਤਾ ਅਤੇ ਦਾਜ ਨਾ ਮਿਲਣ ’ਤੇ ਤਲਾਕ ਦਾ ਨੋਟਿਸ ਭੇਜ ਦਿੱਤਾ। ਪੁਲਸ ਨੇ ਜਾਂਚ ਦੇ ਬਾਅਦ ਦੋਸ਼ੀ ਪਤੀ ਤੇ ਸੱਸ ਦੇ ਖਿਲਾਫ ਕੇਸ ਦਰਜ ਕਰ ਲਿਆ ਹੈ।

ਚੀਮਾ ਪਿੰਡ ਦੀ ਨੈਣਦੀਪ ਕੌਰ ਨੇ ਦੱਸਿਆ ਕਿ ਉਹ ਨੀਦਰਲੈਂਡ ਦੀ ਸਿਟੀਜਨ ਅਤੇ ਰਾਜਧਾਨੀ ਐਮਸਟ੍ਰਡਮ ਦੀ ਵਸਨੀਕ ਹੈ। ਜਨਵਰੀ 2016 ਵਿੱਚ ਉਹ ਪਰਵਾਰ ਨਾਲ ਭਾਰਤ ਵਿੱਚ ਕਿਸੇ ਵਿਆਹ ਵਿੱਚ ਆਈ ਤਾਂ ਉਸ ਦੀ ਮੁਲਾਕਾਤ ਅੰਮ੍ਰਿਤਸਰ ਦੀ ਨਿਗਮ ਕਾਲੋਨੀ ਵਿੱਚ ਰਹਿਣ ਵਾਲੇ ਵਿਨੈ ਖੋਖਰ ਅਤੇ ਉਸ ਦੇ ਪਰਵਾਰ ਨਾਲ ਹੋਈ ਸੀ। ਅਗਲੇ ਮਹੀਨੇ ਦੋਵਾਂ ਦਾ ਵਿਆਹ ਅੰਮ੍ਰਿਤਸਰ ਦੇ ਰਿਜ਼ਾਰਟ ਵਿੱਚ ਹੋ ਗਿਆ। ਵਿਆਹ ਦੇ ਕਰੀਬ ਇੱਕ ਮਹੀਨੇ ਬਾਅਦ ਉਹ ਹਾਲੈਂਡ ਚਲੀ ਗਈ ਅਤੇ ਪਤੀ ਨੂੰ ਬੁਲਾਉਣ ਦੇ ਕਾਗਜ਼ ਅੰਬੈਸੀ ਨੂੰ ਭੇਜ ਦਿੱਤੇ। ਵੀਜ਼ਾ ਲੱਗਣ ਦੇ ਬਾਅਦ ਦਸੰਬਰ 2016 ਵਿੱਚ ਉਸ ਦਾ ਪਤੀ ਹਾਲੈਂਡ ਪਹੁੰਚ ਗਿਆ।ਨੈਣਦੀਪ ਦੇ ਮੁਤਾਬਕ ਕਰੀਬ ਦੋ ਸਾਲ ਸਭ ਠੀਕ ਰਿਹਾ, 2018 ਵਿੱਚ ਉਸ ਦੀ ਬੇਟੀ ਹੋਈ ਤਾਂ ਛੇ ਮਹੀਨੇ ਬਾਅਦ ਬੇਟੀ ਨੂੰ ਲੈ ਕੇ ਉਹ ਅੰਮ੍ਰਿਤਸਰ ਸਹੁਰੇ ਘਰ ਆਈ ਤਾਂ ਸੱਸ ਵੀਨਾ ਨੇ ਤੰਗ ਕਰਨਾ ਸ਼ੁਰੂ ਕਰ ਦਿੱਤਾ ਅਤੇ ਕਿਹਾ ਬੇਟੇ ਦੀ ਉਮੀਦ ਸੀ, ਉਸਨੇ ਨਿਰਾਸ਼ ਕਰ ਦਿੱਤਾ ਹੈ। ਕਰੀਬ ਦੋ ਹਫਤੇ ਉਸ ਨਾਲ ਬਦਸਲੂਕੀ ਕੀਤੀ ਗਈ। ਜਦ ਹਾਲੈਂਡ ਚਲੀ ਗਈ ਤਾਂ ਪਤੀ ਨੇ ਤਲਾਕ ਦਾ ਨੋਟਿਸ ਭੇਜ ਦਿੱਤਾ। ਨੈਣਦੀਪ ਨੇ ਦੋਸ਼ ਲਾਇਆ ਹੈ ਕਿ ਸੱਸ ਨੇ ਕਿਹਾ ਹੈ ਕਿ ਬੇਟੇ ਨੂੰ ਪੱਕਾ ਕਰਨ ਲਈ ਵਿਆਹ ਕੀਤਾ ਸੀ। ਪੁਲਸ ਨੇ ਜਾਂਚ ਦੇ ਬਾਅਦ ਐਨ ਆਰ ਆਈ ਥਾਣੇ ਵਿੱਚ ਐਨ ਆਰ ਆਈ ਪਤੀ ਅਤੇ ਸੱਸ ਵੀਨਾ ਉੱਤੇ ਪਰਚਾ ਦਰਜ ਕਰ ਲਿਆ ਹੈ।

## ਮੋਟਰਸਾਈਕਲ ਤੇ ਟਰੱਕ ਦੀ ਟੱਕਰ ਦੌਰਾਨ ਔਰਤ ਦੀ ਮੌਤ

ਜਲੰਧਰ, 19 ਜਨਵਰੀ (ਪੋਸਟ ਬਿਊਰੋ)- ਕੱਲ੍ਹ ਰਾਤ ਕਰੀਬ 8 ਵਜੇ ਰਵੀਦਾਸ ਚੌਕ ਨੇੜੇ ਬਜਰੀ ਦੇ ਭਰੇ ਇੱਕ ਟਰੱਕ ਨੇ ਮੋਟਰਸਾਈਕਲ ਨੂੰ ਟੱਕਰ ਮਾਰ ਦਿੱਤੀ। ਇਸ ਹਾਦਸੇ ਵਿੱਚ 30 ਸਾਲਾ ਔਰਤ ਵੰਦਨਾ ਪਤਨੀ ਰਾਹੁਲ ਵਾਸੀ ਮਲਕਾਂ ਚੌਕ, ਜਲੰਧਰ ਦੀ ਮੌਤ ਹੋ ਗਈ। ਟਰੱਕ ਲੈ ਕੇ ਚਾਲਕ ਫ਼ਰਾਰ ਹੋ ਗਿਆ।

ਰਾਹੁਲ ਨੇ ਪੁਲਸ ਨੂੰ ਦੱਸਿਆ ਕਿ ਉਹ ਅਕਾਊਂਟਸ ਦਾ ਕੰਮ ਕਰਦਾ ਹੈ ਅਤੇ ਉਸ ਦੀ ਪਤਨੀ ਵੰਦਨਾ ਘਰ ’ਚ ਬੱਚਿਆਂ ਨੂੰ ਟਿਊਸ਼ਨਾਂ ਪੜ੍ਹਾਉਂਦੀ ਸੀ। ਕੱਲ੍ਹ ਸ਼ਾਮ ਉਹ ਅਦਰਸ਼ ਨਗਰ ’ਚ ਪੀਜ਼ਾ ਖਾਣ ਗਏ ਤਾਂ ਵੰਦਨਾ ਨੇ ਸ਼ਹਿਰ ਦਾ ਚੱਕਰ ਲਾ ਕੇ ਘਰ ਜਾਣ ਲਈ ਕਿਹਾ ਅਤੇ ਉਹ ਘੁੰਮਦੇ ਹੋਏ ਗੁਰੂ ਰਵੀਦਾਸ ਚੌਕ ਨੇੜੇ ਪਹੁੰਚ ਗਏ। ਚੌਕ ’ਚ ਲਾਲ ਬੱਤੀ ਹੋਣ ਕਰਕੇ ਟ੍ਰੈਫਿਕ ਰੁਕਿਆ ਹੋਇਆ ਸੀ। ਜਦੋਂ ਟ੍ਰੈਫਿਕ ਚੱਲਿਆ ਤਾਂ ਅਚਾਨਕ ਪਿੱਛੋਂ ਆਏ ਟਰੱਕ ਨੇ ਮੋਟਰਸਾਈਕਲ ’ਚ ਟੱਕਰ ਮਾਰ ਦਿੱਤੀ। ਇਸ ਦੌਰਾਨ ਉਹ ਤੇ ਉਸ ਦਾ ਲੜਕਾ ਸੜਕ ਦੇ ਦੂਸਰੇ ਪਾਸੇ ਡਿੱਗ ਗਏ, ਜਦਕਿ ਵੰਦਨਾ ਸੜਕ ਵੱਲ ਡਿੱਗ ਗਈ ਅਤੇ ਟਰੱਕ ਨੇ ਉਸ ਨੂੰ ਕੁਚਲ ਦਿੱਤਾ। ਹਾਦਸੇ ਦੌਰਾਨ ਵੰਦਨਾ ਦੀ ਮੌਕੇ ’ਤੇ ਮੌਤ ਗਈ। ਏ ਐਸ ਆਈ ਗੋਪਾਲ ਸਿੰਘ ਨੇ ਦਸਿਆ ਕਿ ਇਲਾਕੇ ਦੇ ਸੀ ਸੀ ਟੀ ਵੀ ਕੈਮਰਿਆਂ ਦੀ ਜਾਂਚ ਕਰਕੇ ਟਰੱਕ ਦਾ ਪਤਾ ਲਾਇਆ ਜਾਵੇਗਾ, ਫਿਲਹਾਲ ਲਏ ਗਏ ਬਿਆਨਾਂ ਦੇ ਆਧਾਰ ’ਤੇ ਅਗਲੇਰੀ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

## 19 ਸਾਲਾਂ ਬਾਅਦ ਢਾਬੇ ’ਤੇ ਰੋਟੀ ਮੰਗਣ ਆਇਆ ਗਵਾਚਾ ਰਿਸ਼ਤੇਦਾਰ ਪਛਾਣ ਵਿੱਚ ਆ ਗਿਆ

***ਆਵਾਜ਼ ਸੁਣ ਕੇ ਭਤੀਜੇ ਨੇ ਚਾਚੇ ਨੂੰ ਪਛਾਣ ਲਿਆ**

ਲੁਧਿਆਣਾ, 19 ਜਨਵਰੀ (ਪੋਸਟ ਬਿਊਰੋ)- ‘ਬਚਪਨ ਤੋਂ ਆਪਣੇ ਚਾਚੇ ਦੀ ਭਾਲ ਕਰਦੇ ਰਹੇ ਹਾਂ। ਅਖੀਰ ਉਹ ਲੱਭਿਆ ਤਾਂ ਪਿੰਡੋਂ 1500 ਕਿਲੋਮੀਟਰ ਦੂਰ ਲੁਧਿਆਣੇ ਵਿੱਚੋਂ। ਪਹਿਲੀ ਨਜ਼ਰੇ ਸ਼ਕਲ ਨਹੀਂ ਪਛਾਣ ਹੋਈ, ਪਰ ਜਦੋਂ ਉਹ ਬੋਲਿਆ ਤਾਂ ਲੱਗਿਆ ਕਿ ਇਹ ਕੈਲਾਸ਼ ਚਾਚਾ ਹੈ। ਚਿਹਰੇ ’ਤੇ ਲੰਮੀ ਦਾੜ੍ਹੀ, ਲੰਮੇ ਵਾਲ ਤੇ ਮੈਲੇ ਕੁਚੈਲੇ ਕੱਪੜਿਆਂ ਨੇ ਉਸ ਦਾ ਰੂਪ ਬਦਲ ਦਿੱਤਾ ਸੀ, ਪਰ ਜਦੋਂ ਕੈਲਾਸ਼ ਦੀ ਹੇਅਰ ਡਰੈਸਿੰਗ ਵਗੈਰਾ ਕਰਵਾਈ ਤਾਂ ਉਹ ਹੂ-ਬ-ਹੂ ਪਿਤਾ ਵਰਗਾ ਲੱਗਿਆ।’ ਇਹ ਪ੍ਰਗਟਾਵਾ ਸ਼ਿਵਪੁਰੀ ਵਾਸੀ ਸੀਆ ਰਾਮ ਮੁਖੀਆ (35) ਨੇ ਕੀਤਾ ਹੈ।

ਇਸ ਮਹਾਨਗਰ ਦੇ ਸ਼ਿਵਪੁਰੀ ਦੇ ਰਾਣਾ ਢਾਬੇ ਵਿੱਚ ਸੀਆ ਰਾਮ ਤੰਦੂਰ ’ਤੇ ਕਾਰਿੰਦਾ ਹੈ। ਐਤਵਾਰ ਸ਼ਾਮੀਂ ਉਹ ਢਾਬੇ ’ਤੇਰੋਟੀਆਂ ਸੇਕ ਰਿਹਾ ਸੀ ਕਿ ਇਸੇ ਦੌਰਾਨ ਇੱਕ ਭਿਖਾਰੀ ਜਾਪਦੇ ਵਿਅਕਤੀ ਨੇ ਆ ਕੇ ਰੋਟੀ ਮੰਗੀ। ਸੀਆ ਰਾਮ ਨੇ ਪਹਿਲਾਂ ਅਣਦੇਖਿਆਂ ਕਰ ਦਿੱਤਾ, ਪਰ ਜਦੋਂ ਭਿਖਾਰੀ ਨੇ ਰੋਟੀ ਲਈ ਮਿੰਨਤ ਕੀਤੀ ਤਾਂ ਰੋਟੀਆਂ ਲਾਹੁੰਦੇ ਸੀਆ ਰਾਮ ਨੂੰ ਆਵਾਜ਼ ਜਾਣੀ-ਪਛਾਣੀ ਲੱਗੀ। ਸੀਆ ਨੇ ਜਦੋਂ ਭਿਖਾਰੀ ਤੋਂ ਨਾਂਅ ਪੁੱਛਿਆ ਤਾਂ ਉਸ ਨੇ ਕੈਲਾਸ਼ ਮੁਖੀਆ ਦੱਸਿਆ। ਇਹ ਸੁਣ ਕੇ ਸੀਆ ਖੁਸ਼ੀ ਨਾਲ ਉਛਲ ਪਿਆ। ਕੈਲਾਸ਼ ਮੁਖੀਆ (56) ਜਦੋਂ ਘਰ ਛੱਡ ਕੇ ਚਲਾ ਗਿਆ ਸੀ, ਉਦੋਂ ਸੀਆ ਰਾਮ ਮੁਖੀਆ ਸਿਰਫ 16 ਸਾਲਾਂ ਦਾ ਸੀ। ਸੀਆ ਨੇ ਤੁਰੰਤ ਆਪਣੇ ਭਰਾ ਬਜਰੰਗੀਅਤੇ ਫਿਰ ਨੂਰਵਾਲਾ ਰੋਡ ਉੱਤੇ ਹਲਵਾਈ ਦੀ ਹੱਟੀ ’ਤੇ ਲੱਗੇ ਕੈਲਾਸ਼ ਦੇ ਪੁੱਤਰ ਲਾਲੂ (25) ਨੂੰ ਸੱਦ ਲਿਆ। ਪਿਤਾ ਨੂੰ ਵੇਖ ਕੇ ਲਾਲੂ ਦੀਆਂ ਅੱਖਾਂ ਭਿੱਜ ਗਈਆਂ ਤੇ ਗਲ ਲੱਗ ਕੇ ਕਾਫੀ ਦੇਰ ਰੋਂਦਾ ਰਿਹਾ। ਤਿੰਨੇ ਜਣੇ ਕੈਲਾਸ਼ ਨੂੰ ਪਿੰਡ ਲੈ ਕੇ ਜਾਣ ਲਈ ਤਿਆਰ ਰਹੇ ਹਨ। ਉਥੇ ਕੈਲਾਸ਼ ਦਾ ਇਲਾਜ ਕਰਵਾਇਆ ਜਾਵੇਗਾ। ਪਿੰਡ ਵਿੱਚ ਉਸ ਦੀ ਪਤਨੀ ਰੰਜਨਾ ਦੇਵੀ ਰਹਿੰਦੀ ਹੈ ਅਤੇ ਦੋਵੇਂ ਧੀਆਂ ਪੂਜਾ ਅਤੇ ਮੁੰਨੀ ਮੁਖੀਆ ਦਾ ਵਿਆਹ ਹੋ ਚੁੱਕਿਆ ਹੈ।

## ਦਿੱਲੀ ਸੰਘਰਸ਼ ਤੋਂ ਮੁੜਨ ਪਿੱਛੋਂ ਕਬੱਡੀ ਖਿਡਾਰੀ ਕਾਕਾ ਚੌਂਦਾ ਦੀ ਮੌਤ

ਅਮਰਗੜ੍ਹ, 19 ਜਨਵਰੀ (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਤਿੰਨ ਖੇਤੀ ਬਿੱਲਾਂ ਨੂੰ ਰੱਦ ਕਰਾਉਣ ਲਈ ਦਿੱਲੀ ਵਿਖੇ ਚੱਲ ਰਿਹੇ ਕਿਸਾਨ ਮੋਰਚੇ ਵਿੱਚ ਲਗਾਤਾਰ ਲੋਕ ਜਾਨਾਂ ਵਾਰ ਰਹੇ ਹਨ। ਇਸੇ ਤਰ੍ਹਾਂ ਪਿੰਡ ਚੌਂਦਾ ਦਾ ਕਬੱਡੀ ਖਿਡਾਰੀ ਕਾਕਾ ਚੌਂਦਾ ਵੀ ਇਸ ਘੋਲ ਦੌਰਾਨ ਆਪਣੀ ਕੀਮਤੀ ਜਾਨ ਗੁਆ ਬੈਠਾ ਹੈ। ਕਬੱਡੀ ਖਿਡਾਰੀ ਸਭਾ ਚੌਂਦਾ ਤੇ ਪਰਦੀਪ ਢਢੋਲੀ ਨੇ ਇਸ ਬਾਰੇ ਬਿਆਨ ਜਾਰੀ ਕੀਤਾਕਿ ਕਬੱਡੀ ਖਿਡਾਰੀ ਕਾਕਾ ਚੌਂਦਾ ਨੇ ਨਿੱਕੀ ਉਮਰ ਵਿੱਚ ਕਬੱਡੀ ਦਾ ਨਾਮੀ ਪਲੇਅਰ ਬਣ ਕੇ ਪਿੰਡ ਅਤੇ ਇਲਾਕੇ ਦਾ ਨਾਮ ਉਚਾ ਕੀਤਾ ਸੀ, ਪਰ ਕਈ ਕਬੱਡੀ ਟੂਰਨਾਮੈਂਟਾਂ’ਚ ਨਾਮ ਚਮਕਾਉਣ ਦੇ ਬਾਵਜੂਦ ਪਰਵਾਰਕ ਪਿਛੋਕੜ ਹੇਠਲੀ ਕਿਸਾਨੀ ਦਾ ਹੋਣ ਕਾਰਨ ਘਰੇਲੂ ਹਾਲਤ ਬੇਹੱਦ ਮਾੜੀ ਸੀ। ਖੇਡ ਦੇ ਨਾਲ ਕਾਕਾ ਚੌਂਦਾ ਖੇਤੀ ਕਾਨੂੰਨਾਂ ਵਿਰੁੱਧ ਵੀ ਪਹਿਲੇ ਦਿਨ ਤੋਂ ਸੰਘਰਸ਼ ਕਰਦਾ ਰਿਹਾ ਹੈ। ਕੁਝ ਦਿਨ ਪਹਿਲਾਂ ਦਿੱਲੀ ਤੋਂ ਪਰਤ ਕੇ ਉਹ 26 ਜਨਵਰੀ ਦੀ ਕਿਸਾਨ ਟਰੈਕਟਰ ਪਰੇਡ ਦੀ ਤਿਆਰੀ ਲਈ ਪਿੰਡਾਂ ਵਿੱਚ ਨੌਜਵਾਨਾਂ ਦੀਆਂ ਮੀਟਿੰਗਾਂ ਕਰਵਾ ਰਿਹਾ ਸੀ। ਇਸ ਭੱਜ-ਦੌੜ ਦੌਰਾਨ ਉਸ ਦੀ ਸਿਹਤ ਕਾਫ਼ੀ ਵਿਗੜ ਗਈ ਤੇ ਕੱਲ੍ਹ ਰਾਤ ਅਚਾਨਕ ਸੀਨੇ ਵਿੱਚ ਦਰਦ ਉਠਣ ਕਾਰਨ ਉਸਦੀ ਮੌਤ ਹੋ ਗਈ। ਕਬੱਡੀ ਖ਼ਿਡਾਰੀਆਂ ਨੇ ਕਿਹਾ ਕਿ ਇਸ ਮੌਤ ਦੀ ਜ਼ਿੰਮੇਵਾਰ ਮੋਦੀ ਸਰਕਾਰ ਹੈ, ਜਿਸ ਨੇ ਪਹਿਲਾਂ ਵੀ ਸਾਡੇ 100 ਦੇ ਕਰੀਬ ਲੋਕਾਂ ਨੂੰ ਮੌਤ ਦੇ ਮੂੰਹ ਵਿੱਚ ਪਹੁੰਚਾ ਦਿੱਤਾ।

# ਸ਼ੈਲਰ ਵਿੱਚ ਚੈਕਿੰਗ ਕਰਨ ਆਏ ਐਫ ਸੀ ਆਈ ਸਟਾਫ ਦੀ ਕੁੱਟਮਾਰ



ਮੁੱਲਾਂਪੁਰ ਦਾਖਾ, 19 ਜਨਵਰੀ (ਪੋਸਟ ਬਿਊਰੋ)- ਇਸ ਇਲਾਕੇ ਦੇ ਇੱਕ ਸ਼ੈਲਰ ਵਿੱਚ ਚੈਕਿੰਗ ਲਈ ਆਏ ਸਟਾਫ ਨੂੰ ਘੇਰ ਕੇ ਕੁੱਟਮਾਰ ਕਰਨ ਦੇ ਦੋਸ਼ ਹੇਠ ਪੁਲਸ ਨੇ 3 ਜਣਿਆਂ ਖਿਲਾਫ ਕੇਸ ਦਰਜ ਕੀਤਾ ਹੈ। ਥਾਣਾ ਦਾਖਾ ਪੁਲਸ ਨੇ ਐਫ ਸੀ ਆਈ ਮੁਲਾਜ਼ਮਾਂ ਦੀ ਕੁੱਟਮ-ਾਰ, ਨਮੀ ਚੈਕ ਕਰਨ ਵਾਲੇ ਮੀਟਰ ਨਾਲ ਛੇੜਛਾੜ, ਡਿਊਟੀ ਵਿੱਚ ਵਿਘਣ ਪਾਉਣ ਅਤੇ ਧਮਕੀਆਂ ਦੇਣ ਦੇ ਦੋਸ਼ਾਂ ਹੇਠ ਸ਼ੈਲਰ ਮਾਲਕ ਤੇ ਉਸ ਦੇ ਦੋ ਕਾਰਿੰਦਿਆਂ ਉੱਤੇ ਕੇਸ ਦਰਜ ਕੀਤਾ ਹੈ। ਇਸ ਕੇਸ ਦੀ ਪੜਤਾਲ ਕਰ ਰਹੇ ਏ ਐਸ ਆਈ ਲਖਵੀਰ ਸਿੰਘ ਨੇ ਦੱਸਿਆ ਕਿ ਸ਼ਿਵ ਪ੍ਰਸਾਦ ਵਰਮਾ ਵਾਸੀ ਕਠੋਲੀ, ਥਾਣਾ ਪੱਟੀ ਜ਼ਿਲ੍ਹਾ ਪ੍ਰਤਾਪਗੜ੍ਹ (ਯੂ ਪੀ) ਮੌਜੂਦਾ ਵਾਸੀ ਭਾਈ ਰਣਧੀਰ ਸਿੰਘ ਨਗਰ ਲੁਧਿਆਣਾ ਨੇ ਪੁਲਸ ਕੋਲ ਬਿਆਨ ਦਰਜ ਕਰਵਾਏ ਹਨ ਕਿ ਉਹ ਐਫ ਸੀ ਆਈ ਵਿੱਚ ਤਕਨੀਕੀ ਸਹਾਇਕ (ਟੀ ਏ)ਵਜੋਂ ਮੁੱਲਾਂਪੁਰ ਵਿਖੇ ਤੈਨਾਤ ਹੈ ਅਤੇ ਉਨ੍ਹਾਂ ਦੇ ਵਿਭਾਗ ਵੱਲੋਂ ਚੌਲਾਂ ਦੀ ਸਰਕਾਰੀ ਤੌਰ ’ਤੇ ਖਰੀਦ ਕੀਤੀ ਜਾ ਰਹੀ ਹੈ। ਇਸ ਲਈ ਗੁਰੂ ਕ੍ਰਿਪਾ ਰਾਈਸ ਮਿੱਲ ਵੱਲੋਂ ਪੰਜਾਬ ਵੇਅਰ ਹਾਊਸਿੰਗ ਕਾਰਪੋਰੇਸ਼ਨ ਪਿੰਡ ਵੜੈਚ ਦੇ ਗੋਦਾਮ ਅੰਦਰ ਡੰਪ ਕੀਤੇ ਚੌਲਾਂ ਦੀ ਜਾਂਚ ਲਈ ਉਸ ਦੀ ਅਤੇ ਉਸ ਦੇ ਸਾਥੀਆਂ ਪ੍ਰੇਮ ਕੁਮਾਰ, ਮੋਨਾਲੀਜਾ ਦਾਸ, ਮੋਹਿਤ ਕਨੌਜੀਆ, ਪਵਨ ਕਾਂਤ ਤੇ ਸੰਜੇ ਕੁਮਾਰ ਦੀ ਡਿਊਟੀ ਲੱਗੀ ਸੀ। ਜਦੋਂ ਇਹ ਲੋਕ ਸ਼ੈਲਰ ਮਾਲਕ ਦੇ ਚੌਲਾਂ ਦਾ ਸੈਂਪਲ ਲੈ ਜਾਣ ਮਗਰੋਂ ਪੀ ਈ ਜੀ ਆਈ ਗੋਦਾਮ ਪਿੰਡ ਤਲਵੰਡੀ ਖੁਰਦ ਵਿਖੇ ਇਸ ਦੀ ਨਮੀ ਦੀ ਜਾਂਚ ਕਰ ਰਹੇ ਸਨ ਤਾਂ ਰੋਹਿਤ ਅਗਰਵਾਲ ਸੋਨੂੰ ਵਾਸੀ ਬਾੜੇਵਾਲ (ਲੁਧਿਆਣਾ) ਮਾਲਕ ਗੁਰੂ ਕਿਰਪਾ ਰਾਈਸ ਮਿੱਲ ਆਪਣੇ ਮੁਨੀਮ ਸੰਦੀਪ ਅਤੇ ਰਿੰਟਾ ਨਾਲ ਕਾਰ ਵਿੱਚ ਆਇਆ ਤੇ ਸੈਂਪਲ ਦੀ ਨਮੀ ਚੈਕ ਕਰ ਰਹੀ ਮੋਨਾਲੀਜਾ ਨੂੰ ਕਹਿਣ ਲੱਗਾ ਕਿ ਤੁਹਾਡਾ ਨਮੀ ਵਾਲਾ ਯੰਤਰ ਗਲਤ ਹੈ ਤੇ ਧੱਕਾ ਮਾਰ ਕੇ ਉਸ ਤੋਂ ਮੀਟਰ ਦਾ ਹੈਂਡਲ ਖੋਹ ਕੇ ਨਮੀ ਚੈਕ ਕਰਨ ਲੱਗਾ। ਇਸ ’ਤੇ ਪ੍ਰੇਮ ਕੁਮਾਰ ਮੈਨੇਜਰ ਨੇ ਇਤਰਾਜ਼ ਕੀਤਾ। ਵਰਮਾ ਦੇ ਮੁਤਾ-ਬਕ ਗੁੱਸੇ ਵਿੱਚ ਆ ਕੇ ਸੋਨੂੰ ਉਸ ਨੂੰ ਨਮੀ ਚੈਕ ਕਰਨ ਵਾਲੀ ਮਸ਼ੀਨ ਨਾਲ ਹੀ ਧੱਕਣ ਲੱਗ ਪਿਆ ਅਤੇ ਗਾਲੀ ਗਲੋਚ ਦੇ ਨਾਲ ਧਮਕੀਆਂ ਦਿੰਦੇ ਹੋਏ ਮੈਨੇਜਰ ਪ੍ਰੇਮ ਕੁਮਾਰ ਦੇ ਥੱਪੜ ਮਾਰੇ।ਐਫ ਸੀ ਆਈ ਮੁਲਾਜ਼ਮਾਂ ਨੇ ਸ਼ੈਲਰ ਮਾਲਕ ਵੱਲੋਂ ਉਨ੍ਹਾਂ ਦੇ ਸਾਥੀਆਂ ਦੀ ਕੁੱਟਮਾਰ ਦੇ ਖਿਲਾਫ ਸ਼ਹਿਰ ਵਿੱਚ ਬਣਾਏ ਵਿਭਾਗ ਦੇ ਗੋਦਾਮਾਂ ਵਿੱਚ ਤਿੱਖੀ ਨਾਅਰੇਬਾਜ਼ੀ ਕੀਤੀ। ਇਸ ਮੌਕੇ ਲੋਕੇਸ਼ ਕੁਮਾਰ ਮੀਣਾ ਸਕੱਤਰ, ਪੰਜਾਬ ਭਾਰਤੀ ਖਾਦ ਨਿਗਮ ਕਰਮਚਾਰੀ ਸੰਘ (ਬੀ ਕੇ ਐਨ ਕੇ) ਅਤੇ ਹੋਰਨਾਂ ਨੇ ਐੱਫ ਸੀ ਆਈ ਪ੍ਰਬੰਧਕਾਂ ਨੂੰ ਅਪੀਲ ਕੀਤੀ ਕਿ ਸ਼ੈਲਰ ਮਾਲਕ ਖਿਲਾਫ ਸਖਤ ਕਾਰਵਾਈ ਕਰਦੇ ਹੋਏ ਉਸ ਦੀ ਪੈਡੀ ਲਗਵਾਉਣੀ ਬੰਦ ਕਰਨ ਦੇ ਨਾਲ ਹੀ ਇਸ ਸ਼ੈਲਰ ਨੂੰ ਬਲੈਕ ਲਿਸਟ ਕਰ ਦਿਤਾ ਜਾਵੇ।

# ਸਰਵੇਖਣ ਦੇ ਮੁਤਾਬਕ ਪੱਛਮੀ ਬੰਗਾਲ ਵਿੱਚ ਫਿਰ ਮਮਤਾ ਦੀ ਸਰਕਾਰ ਬਣੇਗੀ



ਨਵੀਂ ਦਿੱਲੀ, 19 ਜਨਵਰੀ (ਪੋਸਟ ਬਿਊਰੋ)- ਪੱਛਮੀ ਬੰਗਾਲ ਵਿੱਚ ਸੱਤਾਧਾਰੀ ਮਮਤਾ ਬੈਨਰਜੀ ਦੀ ਅਗਵਾਈ ਵਾਲੀ ਤ੍ਰਿਣਮੂਲ ਕਾਂਗਰਸ ਵੱਡੇ ਨੁਕਸਾਨ ਦੇ ਬਾਵਜੂਦ ਇਸ ਰਾਜਦਾ ਆਪਣਾ ਕਿਲਾ ਕਾਇਮ ਰੱਖ ਸਕਦੀ ਹੈ। ਇਸ ਸਾਲ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਉਨ੍ਹਾਂ ਦੀ ਪਾਰਟੀ 294 ਵਿੱਚੋਂ 158 ਸੀਟਾਂ ਜਿੱਤ ਸਕਦੀ ਹੈ ਅਤੇ ਭਾਰਤੀ ਜਨਤਾ ਪਾਰਟੀ ਦੇ ਇਸ ਸੂਬੇ ਵਿੱਚ ਦੂਸਰੀ ਸਭ ਤੋਂ ਵੱਡੀ ਪਾਰਟੀ ਬਣ ਕੇ ਉਭਰਨ ਦੇ ਆਸਾਰ ਹਨ। ਇਹ ਗੱਲ ਬੀਤੇ ਦਿਨ ਆਈ ਏ ਐਨ ਐਸ ਸੀ-ਵੋਟਰ ਦੇ ਇੱਕ ਤਾਜ਼ਾ ਸਰਵੇਖਣ ਵਿੱਚ ਸਾਹਮਣੇ ਆਈ ਹੈ। ਇਸ ਸਾਲ ਜਨਵਰੀ ਵਿੱਚ ਪੱਛਮੀ ਬੰਗਾਲ ਦੇ ਸਾਰੇ 294 ਵਿਧਾਨ ਸਭਾ ਖੇਤਰਾਂ ਵਿੱਚ 18000 ਲੋਕਾਂ 'ਤੇ ਇਹ ਸਰਵੇਖਣ ਕੀਤਾ ਗਿਆ ਹੈ। ਏਥੇ ਵਿਧਾਨ ਸਭਾ ਚੋਣਾਂ ਵਿੱਚ ਪਿਛਲੀ ਵਾਰ ਦੇ ਮੁਕਾਬਲੇ ਕੁਝ ਨੁਕਸਾਨ ਦੇ ਨਾਲ ਇਸ ਵਾਰ ਮਮਤਾ ਬੈਨਰਜੀ ਦੀ ਅਗਵਾਈ ਵਾਲੀ ਤ੍ਰਿਣਮੂਲ ਕਾਂਗਰਸ ਦੇ ਜਿੱਤਣ ਦੇ ਆਸਾਰ ਹਨ, ਪਰ ਭਾਜਪਾ ਸੂਬੇ ਵਿੱਚ ਮਹੱਤਵਪੂਰਨ ਵਾਧਾ ਕਰ ਸਕਦੀ ਹੈ। 294 ਮੈਂਬਰੀ ਵਿਧਾਨ ਸਭਾ ਵਿੱਚ ਟੀ ਐਮ ਸੀ ਵੱਲੋਂ 158 ਸੀਟਾਂ ਉਤੇ ਜਿੱਤ ਹਾਸਲ ਕਰਨ ਦਾ ਅਨੁਮਾਨ ਹੈ।ਪਾਰਟੀ ਨੂੰ 2016 ਵਾਲੀਆਂ 211 ਸੀਟਾਂ ਦੇ ਮੁਕਾਬਲੇ ਇਸ ਵਾਰ 53 ਸੀਟਾਂ ਘੱਟ ਮਿਲ ਸਕਦੀਆਂ ਹਨ। ਭਾਜਪਾ ਸੂਬੇ ਵਿੱਚ ਦੂਸਰੀ ਸਭ ਤੋਂ ਵੱਡੀ ਪਾਰਟੀ ਵਜੋਂ ਉਭਰ ਰਹੀ ਹੈ। ਇਸ ਚੋਣ ਵਿੱਚ ਭਾਜਪਾ ਸਰਕਾਰ ਬੇਸ਼ੱਕ ਨਾ ਬਣਾ ਸਕੇ, ਉਹ ਪਿਛਲੀ ਵਾਰ ਦੀਆਂ ਤਿੰਨ ਸੀਟਾਂ ਦੇ ਮੁਕਾਬਲੇ ਇਨ੍ਹਾਂ ਵਿਧਾਨ ਸਭਾ ਚੋਣਾਂ ਵਿੱਚ 102 ਸੀਟਾਂ ਜਿੱਤ ਸਕਦੀ ਹੈ। ਇਹ ਪਾਰਟੀ ਸੂਬੇ ਵਿੱਚ ਆਪਣੇ ਪਿਛਲੇ ਪ੍ਰਦਰਸ਼ਨ ਨਾਲ 99 ਸੀਟਾਂ ਵੱਧ ਜਿੱਤ ਸਕਦੀ ਹੈ।

ਸੰਭਾਵਨਾ ਹੈ ਕਿ ਕਾਂਗਰਸ ਅਤੇ ਖੱਬੇ ਪੱਖੀ ਦਲ ਇੱਕ ਵਾਰ ਫਿਰ ਸੂਬੇ ਵਿੱਚ ਆਪਣੀ ਸਾਖ ਬਚਾਉਣ ਤੋਂ ਨਾਕਾਮ ਰਹਿਣ ਵਾਲੇ ਹਨ, ਕਿਉਂਕਿ 2016 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਉਨ੍ਹਾਂ ਨੂੰ ਮਿਲੀਆਂ 76 ਸੀਟਾਂ ਦੇ ਮੁਕਾਬਲੇ ਇਸ ਵਾਰ ਉਨ੍ਹਾਂ ਨੂੰ ਸਿਰਫ ਤੀਹ ਸੀਟਾਂ ਮਿਲਣ ਦੀ ਉਮੀਦ ਹੈ।

ਮੋਦੀ ਸਰਕਾਰ ਨੇ ਕੋਰਟ ਨੂੰ ਦੱਸਿਆ

## ਵਿਜੇ ਮਾਲਿਆ ਦੀ ਹਵਾਲਗੀ ਵਾਲੇ ਮਾਮਲੇ 'ਚ ਬ੍ਰਿਟੇਨ ਵੇਰਵੇ ਨਹੀਂ ਦੇ ਰਿਹਾ



ਨਵੀਂ ਦਿੱਲੀ, 19 ਜਨਵਰੀ (ਪੋਸਟ ਬਿਊਰੋ)- ਭਾਰਤ ਸਰਕਾਰ ਨੇ ਸੁਪਰੀਮ ਕੋਰਟ ਨੂੰ ਸੂਚਿਤ ਕੀਤਾ ਹੈ ਕਿ ਮਾਲਿਆ ਦੀ ਹਵਾਲਗੀ ਨੂੰ ਉਚ ਰਾਜਨੀਤਕ ਪੱਧਰ 'ਤੇ ਉਠਾਇਆ ਗਿਆ ਹੈ, ਪਰ ਬ੍ਰਿਟੇਨ ਸਰਕਾਰ ਨੇ ਗੁਪਤ ਕਾਰਵਾਈ ਦਾ ਵੇਰਵਾ ਸਾਂਝਾ ਕਰਨ ਤੋਂ ਇਨਕਾਰ ਕਰ ਦਿੱਤਾ ਹੈ, ਜਿਸ ਨਾਲ ਉਸ ਦੀ ਹਵਾਲਗੀ ਮਾਮਲੇ 'ਚ ਦੇਰੀ ਹੋ ਰਹੀ ਹੈ।

ਜਸਟਿਸ ਯੂ ਯੂ ਲਲਿਤ ਦੀ ਅਗਵਾਈ ਵਾਲੇ ਬੈਂਚ ਸਾਹਮਣੇ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਨੇ ਕਿਹਾ ਕਿ ਦਸੰਬਰ 2020 ਵਿੱਚ ਵਿਦੇਸ਼ ਮੰਤਰੀ ਐਸ ਜੈਸ਼ੰਕਰ ਨੇ ਬ੍ਰਿਟੇਨ ਦੇ ਵਿਦੇਸ਼ ਸੈਕਟਰੀ ਡਾਮਨਿਕ ਰਾਬ ਦੇ ਕੋਲ ਇਹ ਮੁੱਦਾ ਉਠਾਇਆ ਅਤੇ ਫਿਰ ਜਨਵਰੀ 2021 ਵਿੱਚ ਭਾਰਤ ਦੇ ਹੋਮ ਸੈਕਟਰੀ ਨੇ ਵੀ ਇਸ ਨੂੰ ਬ੍ਰਿਟੇਨ ਦੇ ਗ੍ਰਹਿ ਵਿਭਾਗ ਦੇ ਪਰਮਾਨੈਂਟ ਅੰਡਰ ਸੈਕਟਰੀ ਕੋਲ ਉਠਾਇਆ ਸੀ। ਮਹਿਤਾ ਨੇ ਕਿਹਾ ਕਿ ਪਿਛਲੇ ਸਾਲ ਨਵੰਬਰ 'ਚ ਭਾਰਤ ਦੇ ਵਿਦੇਸ਼ ਸੈਕਟਰੀ ਨੇ ਬ੍ਰਿਟੇਨ ਦੇ ਹੋਮ ਸੈਕਟਰੀ ਪ੍ਰੀਤੀ ਪਟੇਲ ਦੇ ਕੋਲ ਵਿਜੇ ਮਾਲਿਆ ਦੀ ਹਲਾਵਗੀ ਦਾ ਮੁੱਦਾ ਉਠਾਇਆ ਤਾਂ ਉਨ੍ਹਾ ਨੇ ਜਵਾਬ ਦਿੱਤਾ ਕਿ ਬ੍ਰਿਟੇਨ ਦੀਆਂ ਕਾਨੂੰਨੀ ਗੁੰਝਲਾਂ ਤੁਰੰਤ ਹਵਾਲਗੀ 'ਤੇ ਰੋਕ ਲਾ ਰਹੀਆਂ ਹਨ। ਮਹਿਤਾ ਨੇ ਕਿਹਾ ਕਿ ਭਾਰਤ ਸਰਕਾਰ ਨੂੰ ਸੂਚਿਤ ਕੀਤਾ ਗਿਆ ਹੈ ਕਿ ਕੁਝ ਕਾਨੂੰਨੀ ਮੁੱਦਿਆਂ ਨੂੰ ਮਾਲਿਆ ਦੀ ਹਵਾਲਗੀ ਤੋਂ ਪਹਿਲਾਂ ਹੱਲ ਕਰਨ ਦੀ ਜ਼ਰੂਰਤ ਹੈ। ਸਿਖਰ ਅਦਾਲਤ ਨੇ ਮਾਮਲੇ ਦੀ ਸੁਣਵਾਈ 15 ਮਾਰਚ ਨੂੰ ਤੈਅ ਕਰ ਦਿੱਤੀ ਹੈ।

## ਲੈਬ ਟੈਕਨੀਸ਼ੀਅਨ ਨੇ 'ਥ੍ਰੀ ਇਡੀਅਟਸ' ਵਾਂਗ ਟਰੇਨ ਵਿੱਚ ਡਲਿਵਰੀ ਕਰਵਾਈ






ਭੋਪਾਲ, 19 ਜਨਵਰੀ (ਪੋਸਟ ਬਿਊਰੋ)- ਜਿਵੇਂ 'ਥ੍ਰੀ ਇਡੀਅਟਸ' ਫਿਲਮ ਵਿੱਚ ਅਮੀਰ ਖਾਨ ਇੱਕ ਵਿਦਿਆਰਥੀ ਦੇ ਕਿਰਦਾਰ ਵਿੱਚ ਵੀਡੀਓ ਦੇਖ ਕੇ ਇੱਕ ਔਰਤ ਦੀ ਡਲਿਵਰੀ ਕਰਵਾਉਂਦੇ ਹਨ, ਉਸੇ ਤਰ੍ਹਾਂ ਮੱਧ ਪ੍ਰਦੇਸ਼ ਦੇ ਸਾਗਰ ਜ਼ਿਲ੍ਹੇ ਦੇ ਵਾਸੀ ਅਤੇ ਦਿੱਲੀ ਨਾਰਰਦਨ ਰੇਲਵੇ ਡਵੀਜ਼ਨਲ ਹਸਪਤਾਲ ਵਿੱਚ ਤੈਨਾਤ ਅਪਾਹਜ ਲੈਬ ਟੈਕਨੀਸ਼ੀਅਨ ਨੇ ਚਲਦੀ ਟਰੇਨ ਵਿੱਚ ਇੱਕ ਔਰਤ ਦੀ ਡਲਿਵਰੀ ਕਰਵਾ ਦਿੱਤੀ। ਉਨ੍ਹਾਂ ਨੇ ਚਲਦੀ ਟਰੇਨ ਵਿੱਚ ਔਰਤ ਨੂੰ ਲੇਬਰ ਪੇਨ ਹੋਣ ਉਤੇ ਦਿੱਲੀ ਦੀ ਮਹਿਲਾ ਸਰਜਨ ਤੋਂ ਵੀਡੀਓ ਕਾਲ 'ਤੇ ਪੁੱਛ ਕੇ ਸ਼ੇਵਿੰਗ ਬਲੇਡ ਅਤੇ ਊਨੀ ਸ਼ਾਲ ਦੇ ਧਾਗੇ ਨਾਲ ਨਾਰਮਲ ਡਲਿਵਰੀ ਕਰਵਾਉਣ ਦਾ ਕੰਮ ਕਰ ਦਿੱਤਾ। ਜਣੇਪੇ ਦੇ ਬਾਅਦ ਮਾਂ-ਬੱਚਾ ਦੋਵੇਂ ਤੰਦਰੁਸਤ ਹਨ।

ਮੱਧ ਪ੍ਰਦੇਸ਼ ਦੇ ਸਾਗਰ ਦੇ ਵਾਸੀ ਕਿਸਾਨ ਹੀਰਾ ਲਾਲ ਪ੍ਰਜਾਪਤੀ ਦੇ ਛੋਟੇ ਪੁੱਤਰ ਸੁਨੀਲ ਪ੍ਰਜਾਪਤੀ ਦਿੱਲੀ ਵਿੱਚ ਲੈਬ ਟੈਕਨੀਸ਼ੀਅਨ ਹਨ। ਸ਼ਨੀਵਾਰ ਰਾਤ ਉਹ ਮੱਧ ਪ੍ਰਦੇਸ਼ ਸੰਪਰਕ ਕ੍ਰਾਂਤੀ ਐਕਸਪ੍ਰੈਸ ਰਾਹੀਂ ਦਿੱਲੀ ਤੋਂ ਸਾਗਰ ਜਾ ਰਹੇ ਸਨ। ਟਰੇਨ ਵਿੱਚ ਰਾਜਸਥਾਨ ਦੇ ਅਲਵਰ ਤੋਂ ਮੱਧ ਪ੍ਰਦੇਸ਼ ਦੇ ਦਮੋਹ ਜਾ ਰਹੀ ਕਿਰਨ ਅਹਿਰਵਾਰ ਨੂੰ ਰਾਤ ਲੇਬਰ ਪੇਨ ਸ਼ੁਰੂ ਹੋਈ ਤਾਂ ਉਹ ਦਰਦ ਨਾਲ ਤੜਫਣਲੱਗੀ। ਇਹ ਸੁਣ ਕੇ ਨੇੜੇ ਵਾਲੀ ਸੀਟ ਉੱਤੇ ਬੈਠੇ ਸੁਨੀਲ ਨੇ ਔਰਤ ਦੇ ਨਾਲ ਸਫਰ ਕਰ ਰਹੇ 18 ਸਾਲ ਦੇ ਭਰਾ ਨੂੰ ਕਿਹਾ ਕਿ ਕੁਝ ਦਿੱਕਤ ਹੋਵੇ ਤਾਂ ਮੈਨੂੰ ਦੱਸਣਾ। ਇਸ ਦੌਰਾਨ ਉਨ੍ਹਾਂ ਨੇ ਫੋਨ ਕਰ ਕੇ ਮਥੁਰਾ ਰੇਲਵੇ ਹਸਪਤਾਲ ਦੇ ਮੁਲਾਜ਼ਮਾਂ ਨੂੰ ਸੂਚਿਤ ਕਰ ਦਿੱਤਾ, ਪਰ ਟਰੇਨ ਮਥੁਰਾ ਰੇਲਵੇ ਸਟੇਸ਼ਨ ਪਹੁੰਚਣ ਤੋਂ ਪਹਿਲਾਂਔਰਤ ਦਾ ਦਰਦ ਵਧ ਗਿਆ। ਉਸ ਦੇ ਪਰਵਾਰ ਨੇ ਲੈਬ ਟੈਕਨੀਸ਼ੀਅਨ ਸੁਨੀਲ ਨੂੰ ਦੱਸਿਆ ਤਾਂ ਸੁਨੀਲ ਨੇ ਬੀ-3 ਬੋਗੀ ਵਿੱਚ ਬੈਠੀ ਇੱਕ ਔਰਤ ਨੂੰ ਮਦਦ ਲਈ ਕਿਹਾ, ਪਰ ਉਹ ਡਰਨ ਲੱਗੀ। ਸਮਝਾਉਣ ਦੇ ਬਾਅਦ ਔਰਤ ਨੇ ਹਿੰਮਤ ਕੀਤੀ ਅਤੇ ਡਲਿਵਰੀ ਕਰਵਾਉਣ ਲਈ ਸ਼ਾਲ ਫੜ ਕੇ ਪਰਦਾ ਕੀਤਾ। ਫਿਰ ਸੁਨੀਲ ਨੇ ਦਿੱਲੀ ਵਿੱਚ ਸੀਨੀਅਰ ਸਰਜਨ ਡਾਕਟਰ ਸੁਪਰਣਾ ਸੇਨ ਨਾਲ ਗੱਲ ਕੀਤੀ ਅਤੇ ਟਰੇਨ ਵਿੱਚ ਵੀਡੀਓ ਕਾਲਿੰਗ ਨਾਲ ਉਨ੍ਹਾਂ ਤੋਂ ਪੁੱਛ ਕੇ ਡਲਿਵਰੀ ਕਰਵਾ ਦਿੱਤੀ।


## ਭਾਰਤ ਵਿੱਚ 22 ਲੱਖ ਟਰੇਂਡ ਡਰਾਈਵਰਾਂ ਦੀ ਘਾਟ



ਨਵੀਂ ਦਿੱਲੀ, 19 ਜਨਵਰੀ (ਪੋਸਟ ਬਿਊਰੋ)- ਭਾਰਤ ਵਿੱਚ ਸੜਕ ਹਾਦਸਿਆਂ ਦਾ ਵੱਡਾ ਕਾਰਨ ਟਰੇਂਡ ਡਰਾਈਵਰਾਂ ਦੀ ਕਮੀ ਹੈ। ਸੜਕ ਟਰਾਂਸਪੋਰਟ ਅਤੇ ਰਾਜ ਮਾਰਗ ਮੰਤਰੀ ਨਿਤਿਨ ਗਡਕਰੀ ਦੇ ਅਨੁਸਾਰ ਦੇਸ਼ ਵਿੱਚ 22 ਲੱਖ ਟਰੇਂਡ ਡਰਾਈਵਰਾਂ ਦੀ ਕਮੀ ਹੈ। ਇਸ ਨੂੰ ਦੂਰ ਕਰਨ ਦੇ ਲਈ ਸਰਕਾਰ ਪਿਛੜੇ, ਦਿਹਾਤੀ ਅਤੇ ਜਨਜਾਤੀ ਜ਼ਿਲ੍ਹਿਆਂ ਵਿੱਚ ਨਵੇਂ ਡਰਾਈਵਿੰਗ ਸਕੂਲ ਖੋਲ੍ਹੇਗੀ। ਗਡਕਰੀ ਨੇ ਕਿਹਾ ਕਿ ਸੜਕ ਹਾਦਸਿਆਂ ਦੇ ਕਾਰਨ ਭਾਰਤ ਵਿੱਚ ਰੋਜ਼ 415 ਲੋਕਾਂ ਦੀ ਮੌਤ ਹੁੰਦੀ ਹੈ। 2025 ਤੱਕ ਸੜਕ ਹਾਦਸਿਆਂ ਅਤੇ ਉਸ ਨਾਲ ਹੋਣ ਵਾਲੀਆਂ ਮੌਤਾਂ ਵਿੱਚ ਪੰਜਾਹ ਫੀਸਦੀ ਦੀ ਕਮੀ ਲਿਆਉਣ ਦਾ ਟੀਚਾ ਹੈ, ਪਰ ਉਨ੍ਹਾਂ ਨੇ ਇਹ ਉਸ ਤੋਂ ਪਹਿਲਾਂ ਹਾਸਲ ਕਰਨ ਦੀ ਵਚਨਬੱਧਤਾ ਪ੍ਰਗਟਾਈ ਹੈ।

ਸੜਕ ਹਾਦਸਿਆਂ ਵਿੱਚ ਕਮੀ ਲਿਆਉਣ ਦੀ ਜ਼ਰੂਰਤ 'ਤੇ ਜ਼ੋਰ ਦਿੰਦੇ ਹੋਏ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਕਿ ਇਸ ਤੋਂ ਪਹਿਲਾਂ ਹਰ ਸਾਲ ਭਾਰਤ ਦੇ ਜੀ ਡੀ ਪੀ ਵਿੱਚ ਤਿੰਨ ਫੀਸਦੀ ਨੁਕਸਾਨ ਹੁੰਦਾ ਹੈ।ਸੜਕ ਸੁਰੱਖਿਆ ਮਹੀਨੇ ਦੀ ਸ਼ੁਰੂਆਤ ਮੌਕੇ 'ਤੇ ਕਰਵਾਏ ਪ੍ਰੋਗਰਾਮ ਵਿੱਚ ਰਾਜਨਾਥ ਨੇ ਆਪਣੇ ਨਾਲ ਦੋ ਵਾਰ ਹੋਏ ਸੜਕ ਹਾਦਸੇ ਨੂੰ ਯਾਦ ਕੀਤਾ। ਉਨ੍ਹਾਂ ਕਿਹਾ ਕਿ ਕੋਰੋਨਾ ਵਰਗੀ ਮਹਾਮਾਰੀ ਕਾਰਨ ਜਿੰਨੇ ਲੋਕਾਂ ਦੀ ਮੌਤ ਹੋਈ ਹੈ, ਉਸ ਤੋਂ ਕਿਤੇ ਜ਼ਿਆਦਾ ਮੌਤਾਂ ਸੜਕ ਹਾਦਸਿਆਂ ਵਿੱਚ ਹੋ ਰਹੀਆਂ ਹਨ। ਉਨ੍ਹਾਂ ਨੇ ਤਾਮਿਲ ਨਾਡੂ ਵਿੱਚ ਸੜਕ ਹਾਦਸੇ ਅਤੇ ਉਸ ਤੋਂ ਹੋਣ ਵਾਲੀਆਂ ਮੌਤਾਂ ਵਿੱਚ ਕਮੀ ਲਿਆਉਣ ਲਈ ਕੀਤੇ ਉਪਾਵਾਂ ਦੀ ਸ਼ਲਾਘਾ ਕੀਤੀ, ਜਿਨ੍ਹਾਂ ਨਾਲ ਓਥੇ ਸੜਕ ਹਾਦਸਿਆਂ ਅਤੇ ਉਸ ਨਾਲ ਹੋਣ ਵਾਲੀਆਂ ਮੌਤਾਂ ਵਿੱਚ 53 ਫੀਸਦੀ ਕਮੀ ਆਈ ਹੈ।ਗਡਕਰੀ ਨੇ ਸੜਕ ਹਾਦਸਿਆਂ ਵਿੱਚ ਕਮੀ ਲਿਆਉਣ ਦੇ ਉਪਾਵਾਂ ਦੇ ਬਾਰੇ ਵਿਸਥਾਰ ਨਾਲ ਦੱਸਿਆ। ਇਸ ਵਿੱਚ ਸੜਕ ਡਿਜ਼ਾਈਨ ਵਿੱਚ ਤਬਦੀਲੀ, ਗੱਡੀਆਂ ਵਿੱਚ ਨਵੇਂ ਸੁਰੱਖਿਆ ਮਾਪਦੰਡਾਂ ਦਾ ਪਾਲਣ ਅਤੇ ਸਭ ਤੋਂ ਵੱਧ ਹਾਦਸਿਆਂ ਵਾਲੇ ਬਲੈਕ ਸਪਾਟ ਦੀ ਪਛਾਣ ਕਰ ਕੇ ਉਨ੍ਹਾਂ ਨੂੰ ਠੀਕ ਕਰਨਾ ਸ਼ਾਮਲ ਹੈ। ਉਨ੍ਹਾਂ ਨੇ ਕਿਹਾ ਕਿ ਟਰੈਫਿਕ ਨਿਯਮਾਂ ਦਾ ਪਾਲਣ ਯਕੀਨੀ ਕਰਾਉਣ ਦੇ ਲਈ ਮੋਟਰ ਵਾਹਨ ਐਕਟ ਵਿੱਚ ਸੋਧ ਕੀਤੀ ਹੈ। ਨਵੇਂ ਐਕਟ ਵਿੱਚ ਭਾਰੀ ਜੁਰਮਾਨੇ ਨੂੰ ਸਹੀ ਠਹਿਰਾਉਂਦੇ ਹੋਏ ਉਨ੍ਹਾਂ ਨੇ ਕਿਹਾ ਕਿ ਇਸ ਦਾ ਮਕਸਦ ਜੁਰਮਾਨਾ ਵਸੂਲਣਾ ਨਹੀਂ, ਬਲਕਿ ਟਰੈਫਿਕ ਦੇ ਨਿਯਮਾਂ ਦਾ ਪਾਲਣ ਯਕੀਨੀ ਕਰਾਉਣਾ ਹੈ।

## ਮੀਡੀਆ ਟਰਾਇਲ ਨਾਲ ਨਿਆਂ ਦੀ ਪ੍ਰਕਿਰਿਆ ਵਿੱਚ ਵਿਘਨ ਪੈਂਦੈ: ਬੰਬੇ ਹਾਈ ਕੋਰਟ



ਮੁੰਬਈ, 19 ਜਨਵਰੀ (ਪੋਸਟ ਬਿਊਰੋ)- ਬੰਬੇ ਹਾਈ ਕੋਰਟ ਨੇ ਖੁਦਕੁਸ਼ੀ ਦੇ ਕੇਸਾਂ ਦੀ ਰਿਪੋਰਟਿੰਗ ਕਰਨ ਵੇਲੇ ਮੀਡੀਆ ਘਰਾਣਿਆਂ ਨੂੰ ਸੰਜਮ ਰੱਖਣ ਲਈ ਆਖਦਿਆਂ ਕਿਹਾ ਕਿ ਮੀਡੀਆ ਟਰਾਇਲ ਦਾ ਦਖਲ ਵਧ ਰਿਹਾ ਹੈ ਜਿਸ ਨਾਲਨਿਆਂ ਦੇਣ ਦੀ ਪ੍ਰਕਿਰਿਆ ਵਿੱਚ ਅੜਿੱਕੇ ਖੜ੍ਹੇ ਹੁੰਦੇ ਹਨ।

ਚੀਫ ਜਸਟਿਸ ਦੀਪਾਂਕਰ ਦੱਤਾ ਅਤੇ ਜਸਟਿਸ ਜੀ ਐਸ ਕੁਲਕਰਨੀ ਦੇ ਬੈਂਚ ਨੇ ਕਿਹਾ ਕਿ ਰਿਪਬਲਿਕ ਟੀ ਵੀ ਤੇ ਟਾਈਮਜ਼ ਨਾਓ ਵੱਲੋਂ ਅਦਾਕ-ਾਰ ਸੁਸ਼ਾਂਤ ਸਿੰਘ ਰਾਜਪੂਤ ਦੀ ਮੌਤ ਤੋਂ ਬਾਅਦ ਕੀਤੀ ਕੁਝ ਰਿਪੋਰਟਿੰਗ 'ਇੱਜ਼ਤ ਹੱਤਕ' ਵਾਲੀ ਸੀ। ਅਦਾਲਤ ਨੇ ਕਿਹਾ ਕਿ ਉਹ ਕਿਸੇ ਚੈਨਲ ਖਿਲਾਫ ਕਾਰਵਾਈ ਨਹੀਂ ਕਰੇਗਾ। ਹਾਈ ਕੋਰਟ ਨੇ ਕਿਹਾ ਕਿ ਕਿਸੇ ਵੀ ਮੀਡੀਆ ਅਦਾਰੇ ਵੱਲੋਂ ਕੀਤੀ ਜਾਂਦੀ ਅਜਿਹੀ ਰਿਪੋਰਟਿੰਗ ਅਦਾਲਤੀ ਮਾਣਹਾਨੀ ਦੇ ਘੇਰੇ ਵਿੱਚ ਆਉਂਦੀ ਹੈ।ਉਨ੍ਹਾਂ ਨੇ ਕਿਹਾ ਕਿ ਕੋਈ ਵੀ ਰਿਪੋਰਟ ਪੱਤਰਕਾਰੀ ਅਸੂਲਾਂ ਅਤੇ ਮਾਪਦੰਡਾਂ ਮੁਤਾਬਕ ਚਾਹੀਦੀ ਹੈ,ਵਰਨਾ ਮੀਡੀਆ ਘਰਾਣਿਆਂ ਨੂੰ ਮਾਣਹਾਨੀ ਦੀ ਕਾਰਵਾਈ ਝੱਲਣੀ ਪਵੇਗੀ। ਹਾਈ ਕੋਰਟ ਨੇ ਖੁਦਕੁਸ਼ੀ ਦੇ ਕੇਸਾਂ ਦੀ ਰਿਪੋਰਟਿੰਗ ਲਈ ਦਿਸ਼ਾ-ਨਿਰਦੇਸ਼ ਵੀ ਜਾਰੀ ਕੀਤੇ। ਵਰਨਣ ਯੋਗ ਹੈ ਕਿ ਕੁਝ ਜਨਹਿਤ ਪਟੀਸ਼ਨਾਂ 'ਚ ਮੰਗ ਕੀਤੀ ਗਈ ਸੀ ਕਿ ਪ੍ਰੈਸ ਖਾਸ ਤੌਰ ਉੱਤੇ ਟੀ ਵੀ ਨਿਊਜ਼ ਚੈਨਲਾਂ ਨੂੰ ਸੁਸ਼ਾਂਤ ਦੀ ਮੌਤ ਤੋਂ ਬਾਅਦ ਰਿਪੋਰਟਿੰਗ ਤੋਂ ਰੋਕਿਆ ਜਾਵੇ, ਜਿਸ ਉੱਤੇ ਪਿਛਲੇ ਸਾਲ ਛੇ ਨਵੰਬਰ ਨੂੰ ਬੈਂਚ ਨੇ ਫੈਸਲਾ ਰਾਖਵਾਂ ਰੱਖ ਲਿਆ ਸੀ।

## ਅਰਨਬ ਗੋਸਵਾਮੀ ਵਿਵਾਦ ਬਾਰੇ ਇਮਰਾਨ ਖਾਨ ਨੇ ਮੋਦੀ ਸਰਕਾਰ 'ਤੇ ਨਿਸ਼ਾਨਾ ਲਾਇਆ



ਲਾਹੌਰ, 19 ਜਨਵਰੀ (ਪੋਸਟ ਬਿਊਰੋ)- ਭਾਰਤ ਦੇ ਇੱਕ ਨਿੰਜੀ ਟੀ ਵੀ ਚੈਨਲ ਦੇ ਮੁੱਖ ਸੰਪਾਦਕ ਅਰਨਬ ਗੋਸਵਾਮੀ ਦੀ ਵਟਸਅੱਪ 'ਤੇ ਕੀਤੀ ਚੈਟ ਵਿੱਚ ਬਾਲਾਕੋਟ ਦਾ ਜ਼ਿਕਰ ਆਉਣ ਪਿੱਛੋਂ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਦਾਅਵਾ ਕੀਤਾ ਹੈ ਕਿ ਮੋਦੀ ਸਰਕਾਰ ਨੇ ਚੋਣਾਂ 'ਚ ਲਾਹਾ ਲੈਣ ਲਈ ਪੂਰੇ ਖੇਤਰ ਨੂੰ ਸੰਘਰਸ਼ ਦੀ ਅੱਗ 'ਚ ਸੁੱਟਣ ਦਾ ਕੰਮ ਕੀਤਾ ਹੈ। ਇਸ ਨਾਲ ਇੱਕ ਵੱਡਾ ਵਿਵਾਦ ਖੜਾ ਹੋ ਸਕਦਾ ਹੈ।

ਇਮਰਾਨ ਖ਼ਾਨ ਨੇ ਟਵੀਟ ਕੀਤਾ ਕਿ ਅਰਨਬ ਗੋਸਵਾਮੀ ਦੀ ਘਟਨਾ ਤੋਂ ਪਤਾ ਲੱਗਦਾ ਹੈ ਕਿ ਮੋਦੀ ਸਰਕਾਰ ਅਤੇ ਕੁਝ ਭਾਰਤੀ ਮੀਡੀਆ ਅਦਾਰਿਆਂ ਵਿਚਾਲੇ ਅਪਵਿੱਤਰ ਸੰਬੰਧ ਹਨ, ਜੋ ਐਟਮੀ ਹਥਿਆਰਾਂ ਨਾਲ ਲੈਸ ਇਸ ਖੇਤਰ ਨੂੰ ਸੰਘਰਸ਼ ਦੀ ਅੱਗ 'ਚ ਧੱਕਣਾ ਚਾਹੁੰਦੇ ਹਨ। ਇਮਰਾਨ ਖ਼ਾਨ ਨੇ ਦੋਸ਼ ਲਾਇਆ ਕਿ ਮੋਦੀ ਸਰਕਾਰ ਫਾਸ਼ੀਵਾਦੀ ਰਵੱਈਆ ਅਪਣਾ ਰਹੀ ਹੈ ਅਤੇ ਪਾਕਿ ਸਰਕਾਰ ਇਸ ਦੇ ਖੁਲਾਸੇ ਕਰਨਾ ਜਾਰੀ ਰੱਖੇਗੀ। ਪਾਕਿ ਪ੍ਰਧਾਨ ਮੰਤਰੀ ਨੇ ਦਾਅਵਾ ਕੀਤਾ ਕਿ ਮੋਦੀ ਸਰਕਾਰ ਨੇ ਚੋਣ ਲਾਭ ਲੈਣ ਲਈ ਬਾਲਾਕੋਟ ਹਵਾਈ ਹਮਲਾ ਕਰਵਾਇਆ ਸੀ। ਦਾਅਵਾ ਕੀਤਾ ਜਾ ਰਿਹਾ ਹੈ ਕਿ 23 ਫਰਵਰੀ 2019 ਨੂੰ ਵੱਟਸਐਪ ਰਾਹੀਂ ਅਰਨਬ ਗੋਸਵਾਮੀ ਅਤੇ ਬ੍ਰੌਡਕਾਸਟ ਆਡੀਐਂਸ ਰਿਸਰਚ ਕੌਂਸਲ (ਬੀ ਏ ਆਰ ਸੀ) ਦੇ ਸਾਬਕਾ ਸੀ ਈ ਓ ਪਾਰਥ ਦਾਸ ਗੁਪਤਾ ਵਿਚਾਲੇ ਹੋਈ ਗੱਲਬਾਤ ਤੋਂ ਪਤਾ ਲੱਗਦਾ ਹੈ ਕਿ ਅਰਨਬ ਨੂੰ ਬਾਲਾਕੋਟ ਹਵਾਈ ਹਮਲੇ ਤੋਂ ਪਹਿਲਾਂ ਹੀ ਇਸ ਬਾਰੇ ਜਾਣਕਾਰੀ ਸੀ।

## ਹਫ਼ਤਾ ਪਹਿਲਾਂ ਖਾਣ 'ਚ ਹੋਏ ਧਮਾਕੇ ਕਾਰਨ ਫਸੇ 12 ਮਜ਼ਦੂਰ ਜਿੰਦਾ ਮਿਲੇ



ਪੇਈਚਿੰਗ , 19 ਜਨਵਰੀ (ਪੋਸਟ ਬਿਊਰੋ)- ਚੀਨ ਦੀ ਇੱਕ ਖਾਣ 'ਚ ਕਰੀਬ ਇੱਕ ਹਫ਼ਤੇ ਪਹਿਲਾਂ ਹੋਏ ਧਮਾਕੇ ਕਾਰਨ ਉਥੇ ਫਸੇ 22 ਮਜ਼ਦੂਰਾਂ 'ਚੋਂ 12 ਜੀਊਂਦੇ ਹਨ, ਜਦੋਂ ਕਿ ਸੈਂਕੜੇ ਬਚਾਅ ਕਰਮਚਾਰੀ ਉਨ੍ਹਾਂ ਨੂੰ ਸੁਰੱਖਿਅਤ ਬਾਹਰ ਕੱਢਣ ਦੀ ਕੋਸ਼ਿਸ਼ ਕਰ ਰਹੇ ਹਨ ਅਤੇ ਇਹ ਕਾਰਵਾਈ ਜਾਰੀ ਹੈ।

ਸਰਕਾਰੀ ਨਿਊਜ਼ ਏਜੰਸੀ ਸ਼ਿਨਹੁਆ ਨੇ ਦੱਸਿਆ ਕਿ ਬਚਾਅ ਸ਼ਾਫਟ ਰਾਹੀਂ ਮਜ਼ਦੂਰਾਂ ਨੇ ਬਚਾਅ ਕਰਮਚਾਰੀਆਂ ਦੇ ਦਲ ਨੂੰ ਕੱਲ੍ਹ ਰਾਤ ਭੇਜੇ ਇੱਕ ਲਿਖਤੀ ਸੁਨੇਹੇ 'ਚ ਦੱਸਿਆ ਕਿ ਹੋਰ 10 ਮਜ਼ਦੂਰਾਂ ਦਾ ਅਜੇ ਕੁਝ ਪਤਾ ਨਹੀਂ ਲੱਗਾ। ਇਸ ਹੱਥ ਲਿਖਤੀ ਸੁਨੇਹੇ 'ਚ ਕਿਹਾ ਗਿਆ ਹੈ ਕਿ ਚਾਰ ਮਜ਼ਦੂਰ ਜ਼ਖ਼ਮੀ ਹਨ ਤੇ ਹੋਰਾਂ ਦੀ ਹਾਲਤ ਤਾਜ਼ਾ ਹਵਾ ਨਾ ਮਿਲਣ ਤੇ ਪਾਣੀ ਭਰਨ ਕਾਰਨ ਖ਼ਰਾਬ ਹੁੰਦੀ ਜਾਂਦੀ ਹੈ। ਸ਼ਾਨਦੋਂਗ ਪ੍ਰਾਂਤ ਦੇ ਯਾਂਤਾਈ ਸ਼ਹਿਰ 'ਚ ਜਿਸ ਖਾਣ 'ਚ 10 ਜਨਵਰੀ ਨੂੰ ਧਮਾਕਾ ਹੋਇਆ ਸੀ, ਉਹ ਹਾਲੇ ਬਣ ਰਹੀ ਸੀ। ਸ਼ਿਨਹੁਆ ਦੀ ਅਧਿਕਾਰਤ ਵੈਬਸਾਇਟ 'ਤੇ ਪੋਸਟ ਕੀਤੇ ਗਏ ਸੁਨੇਹੇ 'ਚ ਕਿਹਾ ਗਿਆ ਹੈ, 'ਬਚਾਅ ਕਾਰਜ ਜਾਰੀ ਰੱਖੋ, ਉਮੀਦ ਬਾਕੀ ਹੈ ਧੰਨਵਾਦ।' ਹਾਦਸੇ ਦੇ ਇੱਕ ਦਿਨ ਬਾਅਦ ਵੀ ਇਸ ਦੀ ਜਾਣਕਾਰੀ ਨਾ ਦੇਣ ਕਾਰਨ ਖਾਣ ਪ੍ਰਬੰਧਕਾਂ ਨੂੰ ਹਿਰਾ-ਸਤ 'ਚ ਲੈ ਲਿਆ ਗਿਆ ਹੈ।

## ਬ੍ਰਿਟੇਨ ਵਿੱਚ 70 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਲੋਕਾਂ ਨੂੰ ਟੀਕਾ ਲੱਗੇਗਾ

ਲੰਡਨ, 19 ਜਨਵਰੀ (ਪੋਸਟ ਬਿਊਰੋ)- ਬ੍ਰਿਟੇਨ ਵਿੱਚ 70 ਸਾਲ ਅਤੇ ਉਸ ਤੋਂ ਵੱਧ ਉਮਰ ਜਾਂ ਕੋਵਿਡ-19 ਰਾਹੀਂ ਵਧੇਰੇ ਖਤਰੇ ਦਾ ਸਾਹਮਣਾ ਕਰ ਰਹੇ ਲੋਕਾਂ ਨੂੰ ਟੀਕੇ ਲਾਉਣ ਦਾ ਫੈਸਲਾ ਕੀਤਾ ਗਿਆ ਹੈ।

ਨੈਸ਼ਨਲ ਹੈੱਲਥ ਸਰਵਿਸ (ਐਨ ਐਚ ਐਸ) ਨੇ ਕੱਲ੍ਹ ਪਹਿਲ ਦਿੱਤੇ ਜਾਣ ਵਾਲੇ ਗਰੁੱਪਾਂ ਦਾ ਪਸਾਰ ਕੀਤਾ ਹੈ, ਇਸ ਤੋਂ ਪਹਿਲਾਂ ਟੀਕਾਕਰਨ ਅਤੇ ਇਸ ਦੀ ਰੋਕਥਾਮ ਨਾਲ ਸਬੰਧਤ ਕਮੇਟੀ (ਜੇ ਸੀ ਵੀ ਆਈ) ਨੇ ਦੋ ਗਰੁੱਪਾਂ ਦੇ ਲੋਕਾਂ ਨੂੰ ਟੀਕਾ ਲਾਉਣ ਦੀ ਸਿਫਾਰਸ਼ ਕੀਤੀ ਸੀ। ਇਸ 'ਤੇ ਕੰਮ ਕਰਦੇ ਹੋਏ ਐਨ ਐਚ ਐਸ ਪਹਿਲਾਂ 80 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਲੋਕਾਂ ਅਤੇ ਮੈਡੀਕਲ ਖੇਤਰ ਦੇ ਮੁਲਾਜ਼ਮਾਂ ਨੂੰ ਟੀਕਾ ਲਾਉਣ ਦੇ ਕੰਮ ਵਿੱਚ ਲੱਗਾ ਹੋਇਆ ਸੀ। ਇਸ ਗਰੁੱਪ ਦੇ ਲੋਕਾਂ ਨੂੰ ਟੀਕਾ ਲਾਉਣਾ ਹਾਲੇ ਵੀ ਪਹਿਲ ਹੈ। ਫਿਰ ਵੀ ਟੀਕਾਕਰਨ ਵਾਲੀ ਥਾਂ ਜਿੱਥੇ ਗਰੁੱਪ ਤੋਂ ਵੱਧ ਲੋਕਾਂ ਨੂੰ ਵੀ ਟੀਕਾ ਲਾਉਣ ਦੀ ਸਮਰੱਥਾ ਹੈ ਅਤੇ ਉਥੇ ਨਵੇਂ ਗਰੁੱਪ ਦੇ ਲੋਕਾਂ ਨੂੰ ਟੀਕਾਕਰਨ ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ।

## ਸਿੰਧੂ ਕੌਮਵਾਦ ਦੇ ਮੋਢੀ ਮੰਨੇ ਜਾਂਦੇ ਜੀ ਐਮ ਸੈਯਦ ਦੀ ਬਰਸੀ ਮੌਕੇ ਫਿਰ ਇਹ ਮੁੱਦਾ ਉੱਠਿਆ



ਕਰਾਚੀ, 19 ਜਨਵਰੀ (ਪੋਸਟ ਬਿਊਰੋ)- ਪਾਕਿਸਤਾਨ ਸਰਕਾਰ ਅਤੇ ਉਥੋਂ ਦੀ ਫੌਜ ਦਾ ਦੇਸ਼ ਦੇ ਅੰਦਰ ਵਿਰੋਧ ਸ਼ੁਰੂ ਹੋ ਗਿਆ ਹੈ। ਸਿੰਧ ਸੂਬੇ ਦੇ ਲੋਕ ਵੱਖਰਾ ਸਿੰਧੂ ਦੇਸ਼ ਬਣਾਉਣ ਦੀ ਮੰਗ ਕਰ ਰਹੇ ਹਨ। ਇਸ ਦੇ ਸਮਰਥਨ ਵਿੱਚ ਰੋਡ ਸ਼ੋਅ ਅਤੇ ਪ੍ਰਦਰਸ਼ਨ ਹੋਣ ਲੱਗੇ ਹਨ। ਖਾਸ ਗੱਲ ਇਹ ਕਿ ਇਸ ਪ੍ਰਦਰਸ਼ਨ ਵਿੱਚ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪੋਸਟਰ ਲਹਿਰਾਏ ਜਾ ਰਹੇ ਹਨ। ਇਨ੍ਹਾਂ ਵਰਲਡ ਲੀਡਰਾਂ ਨੂੰ ਅਲੱਗ ਸਿੰਧੂ ਦੇਸ਼ ਬਣਾਉਣ ਦੀ ਮੁਹਿੰਮ ਦਾ ਸਮਰਥਨ ਕਰਨ ਦੀ ਅਪੀਲ ਕੀਤੀ ਜਾ ਰਹੀ ਹੈ।

ਇਸ ਦੌਰਾਨ ਪਾਕਿਸਤਾਨ ਦੇ ਸੁਰੱਖਿਆ ਬਲਾਂ ਨੇ ਇਸ ਪ੍ਰਦਰਸ਼ਨ ਨੂੰ ਕੁਚਲਣ ਦੀ ਕੋਸ਼ਿਸ਼ ਕੀਤੀ ਅਤੇ ਲੋਕਾਂ ਦੇ ਘਰਾਂ ਉੱਤੇ ਛਾਪ ਮਾਰ ਕੇ ਪੋਸਟਰ ਅਤੇ ਬੈਨਰ ਜ਼ਬਤ ਕਰ ਲਏ ਤੇ ਰਾਜਨੀਤਕ ਕਾਰਕੁੰਨਾਂ ਨੂੰ ਘਰਾਂ ਵਿੱਚ ਰਹਿਣ ਨੂੰ ਕਿਹਾ ਗਿਆ। ਇਸ ਵਾਰ ਪ੍ਰਦਰਸ਼ਨ ਆਧੁਨਿਕ ਸਿੰਧੀ ਕੌਮਵਾਦ ਦੇ ਮੋਢੀ ਮੰਨੇ ਜਾਂਦੇ ਜੀ ਐਮ ਸੈਯਦ ਦੀ 117ਵੀਂ ਬਰਸੀ ਮੌਕੇ ਕੀਤਾ ਗਿਆ। ਇਸ ਪ੍ਰਦਰਸ਼ਨ 'ਤੇ ਭਾਰਤ ਨੇ ਕਿਹਾ ਕਿ 1947 ਤੋਂ ਅੱਜ ਤੱਕ ਪਾਕਿਸਤਾਨ ਇਸਲਾਮ ਦੇ ਨਾਂਅ 'ਤੇ ਇੱਕ ਦੇਸ਼ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹੈ, ਪਰ ਉਹ ਅੱਜ ਤੱਕ ਅਜਿਹਾ ਨਹੀਂ ਕਰ ਸਕਿਆ। ਪਾਕਿਸਤਾਨ ਦੇ ਨਾਗਰਿਕਾਂ ਦਾ ਭਰੋਸਾ ਉਥੋਂ ਦੀਆਂ ਸਰਕਾਰਾਂ ਤੋਂ ਉਠ ਚੁੱਕਾ ਹੈ। ਇਹ ਲੋਕ ਜਾਣਦੇ ਹਨ ਕਿ ਸਰਕਾਰ ਪਾਕਿਸਤਾਨੀ ਫੌਜ ਦੇ ਹੱਥਾਂ 'ਚ ਖੇਡਦੀ ਹੈ। ਅਜਿਹੇ ਵਿੱਚ ਉਨ੍ਹਾਂ ਨੂੰ ਆਸ ਹੈ ਕਿ ਅਮਰੀਕੀ ਰਾਸ਼ਟਰਪਤੀ ਜੋਅ ਬਾਇਡੇਨ ਜਾਂ ਇਸ ਖੇਤਰ ਦੇ ਨੇਤਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਉਨ੍ਹਾਂ ਦੀ ਮਦਦ ਕਰਨਗੇ।

ਪਾਕਿਸਤਾਨ ਦੇ ਚਾਰ ਰਾਜ ਪੰਜਾਬ, ਖੈਬਰ ਪਖਤੂਨਖਵਾ, ਬਲੋਚਿਸਤਾਨ ਅਤੇ ਸਿੰਧ ਹਨ। ਸੂਬੇ ਭਾਵੇਂ ਚਾਰ ਹੋਣ, ਪਰ ਹਕੂਮਤ, ਫੌਜ ਅਤੇ ਕ੍ਰਿਕਟ ਵਿੱਚ ਪੰਜਾਬ ਦਾ ਦਬਦਬਾ ਹੈ। ਸਿੰਧ ਦੇ ਲੋਕ ਇਸ ਤੋਂ ਨਾਰਾਜ਼ ਹਨ। ਉਨ੍ਹਾਂ ਨੂੰ ਲੱਗਦਾ ਹੈ ਕਿ ਪਾਕਿ ਵਿੱਚ ਉਨ੍ਹਾਂ ਨੂੰ ਲੋੜੀਂਦੀ ਅਗਵਾਈ ਨਹੀਂ ਮਿਲ ਰਹੀ। ਸਿੰਧ ਸਿੰਧੂ ਘਾਟੀ ਦੀ ਸਭਿਅਤਾਅਤੇ ਵੈਦਿਕ ਧਰਮ ਦਾ ਮੂਲ ਸਥਾਨ ਵੀ ਹੈ ਅਤੇ ਇਹ ਚਿਰਾਂ ਤੋਂ ਗੜਬੜ ਦਾ ਕੇਂਦਰ ਬਣਦਾ ਰਿਹਾ ਹੈ।

REXDALE BODY SHOP

USED CAR SALE

Specialization In:

★ All Kinds of Body Work

★ Auto Glass Windshield

★ Denting, Painting & Welding

ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ

SPECIAL PAINT JOB $779

RENTAL CAR PROVIDED



CHEEMA

LOWEST PRICE IN TOWN

Towing Service Car Paint Starts $799* upto 100% Deductible Paid*



25 years of Canadian Experience

OPEN MON - SAT 9AM TO 7PM

Call Rick or Manminder Cheema: 416.749.9596 / 416.951.6431

30 Racine Rd. Toronto, ON, M9W 2Z3, FAX: 416.749.9597

www.AAABODYSHOP.ca

mcheemaaaa@hotmail.com

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
$1,000
Services:
• Complete Basement • Tiles • Bathrooms • Plumbing • Laminate • Hardwood Floor • Painting
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

You can Place Your Business Here (905)793-2202
To Reach Wider Audience

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com



jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton
ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

NU WAY TOUR & TRAVELS INC.
ਸਸਤੀਆਂ ਹਵਾਈ ਟਿਕਟਾ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ
AIR TICKETS | CRUISES | VACATIONS | TRAVEL INSURANCE
International & Domestic Air Tickets
• Cheapest Air Fares
• Price Match Guaranteed
• 24/7 Emergency Services
• Reliable & Excellent Customer Service
• 100% Customer Satisfaction
AIR CANADA PIA ETIHAD KLM SWISS BRITISH AIRWAYS JET AIRWAYS
Travel Worry Free With Insurance
• Super Visa Insurance
• Visitor to Canada
• Trip Cancellation
• Trip Interruption
Manulife
Signature.ca
ticoca IATA
Call Us For Guaranteed Lowest Airfare ANY Airline Time Destination Around the World
WESTJET vacations transat sunwing AIR CANADA VACATIONS
7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
www.nuwaytravels.com E-mail- info@nuwaytravels.com



## ਲੜਕੀ ਦੀ ਲੋੜ

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2", ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਸੰਪਰਕ: 9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11" ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸ਼ੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10", Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)



Marriage
Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਸਿੱਖ ਅਰੋੜਾ ਲੜਕੇ ਲਈ ਯੋਗ ਕੰਨਿਆ ਦੀ ਜ਼ਰੂਰਤ: ਇਸ ਸਮੇਂ ਵਿਜ਼ਿਟਰ ਵੀਜ਼ੇ ਉਤੇ ਕੈਨੇਡਾ ਵਿਚ ਰਹਿ ਰਹੇ ਸਿੱਖ ਅਰੋੜਾ ਲੜਕੇ ਲਈ ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤਪਾਤ ਦਾ ਕੋਈ ਫਰਕ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

ਹਿੰਦੂ ਖਤਰੀ ਲੜਕਾ, ਕੱਦ 5'8", ਉੱਮਰ 28 ਸਾਲ, ਰੰਗ ਸਾਫ, ਯੋਗਤਾ ਬੈਚਲਰ ਇਨ ਹੋਸਪੀਟੇਲਟੀ ਮਨੇਜਮੈਂਟ। ਓਬਰਾਏ, ਤਾਜ ਵਰਗੇ ਚੰਗੀ ਕੰਪਨੀਆਂ ਵਿੱਚ 8 ਸਾਲ ਕੰਮ ਦਾ ਤਜ਼ਰਬਾ ਅਤੇ ਇੰਡੀਆ ਵਿੱਚ ਚੰਗੀ ਜੋਬ ਕਰਦੇ ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਟ ਹੋਲਡਰ ਲੜਕੀ ਦੀ ਲੋੜ ਹੈ। ਪੰਜਾਬ ਭਾਖੜਾ ਨੰਗਲ ਨਾਲ ਸੰਬੰਧ ਰੱਖਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਜਾਂ ਵਟਸਐਪ ਕਰੋ:+91-94173-58712

ਸੁੰਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8", ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ। ਕਾਲ : 647-739-3600 ।

ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

ਜੱਟ ਸਿਖ ਲੜਕਾ, ਉੱਮਰ 27 ਸਾਲ, ਕੱਦ 5'11", ਕੈਨੇਡਾ ਵਿੱਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰੋਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

ਜੱਟ ਸਿਖ ਲੜਕਾ, ਉੱਮਰ 28 ਸਾਲ, ਕੱਦ 5'7", ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

## ਲੜਕੇ ਦੀ ਲੋੜ

Beautiful,well educated, 28 years old Punjabi Lubana girl, BSc software engineering from London England,project management from Canada,currently working with Suncor Company,PR IN CANADA. Looking for Sikh Sardar well educated Boy,cast no Bar,from Canada. Contact number 3238 470 404

**"Jat Sikh family seeking suitable match for their daughter 37 year 6 ft. tall, well versed with both cultures. Born & raised in Canada, did her medicine degree & residency (double in Emergency & Internal Medicine) in USA. A green card holder and willing to come to Canada as the opportune prevail. Please contact (519) 351-8043 or B200348@gmail.com"**

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3", ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖ਼ੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

## ਲੜਕੇ ਦੀ ਲੋੜ

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

ਜੱਟ ਸਿੱਖ ਲੜਕੀ, 35 ਸਾਲ, ਕੱਦ 5'3", ਵਿਜੀਟਰ ਵੀਜ਼ੇ ਤੇ ਆਈ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਪੀ ਆਰ ਲੜਕੇ ਦੀ ਲੋੜ ਹੈ। ਕਾਲ 647-456-1772

ਜੱਟ ਸਿੱਖ ਗਿਲ ਲੜਕੀ, ਜਨਮ 1991, ਕੱਦ 5'-4", Btech Electrical, ਕੈਨੇਡੀਅਨ ਪੀ ਆਰ ਲਈ ਗੁਰਸਿੱਖ, ਪੜੇ ਲਿੱਖੇ ਅਤੇ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਇੰਡੀਆ ਵਿੱਚ ਰਹਿੰਦਾ ਹੈ। ਇੰਡੀਆ ਰਹਿੰਦੇ ਲੜਕੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ: +91-94640-34653

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਸਿੱਖ ਲੜਕੀ, ਉਮਰ 24 ਸਾਲ, ਕੱਦ 5 ਫੁਟ 3 ਇੰਚ, ਇੰਡੀਆ ਵਿਚ ਰਹਿੰਦੀ, ਯੋਗਤਾ ਐਮ.ਕਾਮ. ਤੇ ਕਾਲਜ ਵਿਚ ਲੈਕਚਰਾਰ ਦੀ ਨੌਕਰੀ ਕਰ ਰਹੀ ਹੈ। ਨੈਨੀ ਦਾ ਕੋਰਸ ਕੀਤਾ ਹੋਇਆ ਹੈ। ਰੰਗ ਸਾਫ਼, ਸੋਹਣੀ ਸੁਨੱਖੀ ਲੜਕੀ ਲਈ ਕੈਨੇਡੀਅਨ ਪੀ.ਆਰ. ਸਿੱਖ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੀ ਦੇ ਭੂਆ ਜੀ ਕੈਨੇਡਾ ਵਿਚ ਸੈਟਲਡ ਹਨ। ਸੰਪਰਕ: 905-749-1654

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ



UPPAL LAW
AVTAR UPPAL
Manager
IMMIGRATION SERVICES
* Visitor Visa
* Super Visa
* Study,Work,Visitor Extension Visa
* Spousal Applications
* Family Sponsorship
* Permanent Residence Card Renewal
* Citizenship Application
* All Invitation Letters
OTHER PRACTICES
* Criminal Law
* Family Law
* Power of Attorney
* Change of Name
* Notarization
* Travel Consent
* Affidavit
* Landlord and Tenant Matters
AMAN UPPAL
Barrister,Solicitor
FREE Consultation
Tel: 905-500-1507
351 Parkhurst Square, # 16,
Brampton,ON L6T 0C2, Fax: 905-672-7848
* PRIOR APPOINTMENT NECESSARY



ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਓਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ



